Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 190 10/12/2025 www.samajweekly.com samajweekly @samajweekly samajweekly

# ਪਾਂਡਿਆ ਦੇ ਤਾਬੜਤੋੜ ਅਰਧ ਸੈਂਕੜੇ, ਸ਼ਾਨਦਾਰ ਗੇਂਦਬਾਜ਼ਾਂ ਬਦੌਲਤ ਭਾਰਤ ਨੇ ਦਖਣੀ ਅਫ਼ਰੀਕਾ ਨੂੰ 101 ਦੌੜਾਂ ਨਾਲ ਹਰਾਇਆ

## ਦਖਣੀ ਅਫਰੀਕਾ ਹੁਣ ਤਕ ਦੇ ਸੱਭ ਤੋਂ ਘੱਟ ਟੀ-20 ਸਕੋਰ ਉਤੇ ਆਊਟ

**ਕਟਕ ।** ਹਾਰਦਿਕ ਪਾਂਡਿਆ ਵਲੋਂ ਤਾਬੜਤੋੜ ਅਜੇਤੂ ਅਰਧ ਸੈਂਕੜੇ ਅਤੇ ਫਿਰ ਇਕ ਅਹਿਮ ਵਿਕਟ ਹਾਸਲ ਕਰ ਕੇ ਭਾਰਤੀ ਕ੍ਰਿਕਟ ਟੀਮ ਵਿਚ ਕੀਤੀ ਯਾਦਗਾਰੀ ਵਾਪਸੀ ਬਦੌਲਤ ਭਾਰਤ ਨੇ ਮੰਗਲਵਾਰ ਨੂੰ ਇੱਥੇ ਪੰਜ ਮੈਚਾਂ ਦੀ ਲੜੀ ਦੇ ਪਹਿਲੇ ਮੈਚ ਵਿਚ ਦਖਣੀ ਅਫਰੀਕਾ ਉਤੇ 101 ਦੌੜਾਂ ਨਾਲ ਜਿੱਤ ਦਰਜ ਕੀਤੀ। ਇਸ ਜਿੱਤ ਨੇ ਭਾਰਤ ਨੂੰ ਲੜੀ ਵਿਚ ਆਸਾਨੀ ਨਾਲ 1-0 ਦੀ ਲੀਡ ਹਾਸਲ ਕਰਨ ਵਿਚ ਮਦਦ ਕੀਤੀ ਅਤੇ ਇਸ ਨੇ ਦਖਣੀ ਅਫਰੀਕਾ ਨੂੰ ਹੁਣ ਤਕ ਦੇ ਸੱਭ ਤੋਂ ਘੱਟ ਟੀ-20 ਸਕੋਰ ਉਤੇ ਆਊਟ ਹੋਣ ਲਈ ਮਜਬੂਰ ਕੀਤਾ। ਉਨ੍ਹਾਂ ਦਾ ਪਿਛਲਾ ਸੱਭ ਤੋਂ ਘੱਟ 2022 ਵਿਚ ਰਾਜਕੋਟ ਵਿਚ 87 ਦੌੜਾਂ ਦਾ ਆਲਆਊਟ ਸੀ। ਹਾਲਾਂਕਿ ਭਾਰਤ ਦੀ ਸ਼ੁਰੂਆਤ ਚੰਗੀ ਨਹੀਂ ਰਹੀ ਜਦੋਂ ਦਖਣੀ ਅਫ਼ਰੀਕੀ ਗੇਂਦਬਾਜ਼ਾਂ ਨੇ ਉਨ੍ਹਾਂ ਨੂੰ ਲਾਲ ਮਿੱਟੀ ਦੀ ਸਤਹ ਉਤੇ ਪਹਿਲਾਂ ਬੱਲੇਬਾਜ਼ੀ ਕਰਨ ਲਈ ਕਿਹਾ ਸੀ, ਪਰ ਪਾਂਡਿਆ ਨੇ ਅਖ਼ੀਰਲੇ ਓਵਰਾਂ ਵਿਚ 28 ਗੇਂਦਾਂ ਉਤੇ ਅਜੇਤੂ



59 ਦੌੜਾਂ ਬਣਾਈਆਂ ਜਿਸ ਨਾਲ ਭਾਰਤ ਨੇ 175/6 ਦਾ ਸਕੋਰ ਖੜ੍ਹਾ ਕੀਤਾ। ਅਨੁਸ਼ਾਸਨ ਦੀ ਮੰਗ ਕਰਨ ਵਾਲੀ ਪਿੱਚ ਉਤੇ, ਦਖਣੀ ਅਫਰੀਕਾ ਦੀ ਪੂਰੀ ਟੀਮ 12.3 ਓਵਰਾਂ ਵਿਚ ਸਿਰਫ 74 ਦੌੜਾਂ ਬਣਾ ਕੇ ਆਊਟ ਹੋ ਗਈ। ਅਰਸ਼ਦੀਪ ਸਿੰਘ, ਜਸਪ੍ਰੀਤ ਬੁਮਰਾਹ, ਵਰੁਣ ਚੱਕਰਵਰਤੀ ਅਤੇ ਅਕਸ਼ਰ ਪਟੇਲ ਨੇ ਦੋ-ਦੋ ਵਿਕਟਾਂ ਲਈਆਂ, ਜਦਕਿ ਪਾਂਡਿਆ ਨੇ ਇਕ ਵਿਕਟ ਲਈ। ਪਾਂਡਿਆ ਨੂੰ 'ਪਰਸਨ ਆਫ਼ ਦ ਮੈਚ' ਐਲਾਨਿਆ ਗਿਆ। ਮੈਚ ਵਿਚ ਜਸਪ੍ਰੀਤ ਬੁਮਰਾਹ ਨੇ ਅਪਣੀਆਂ ਟੀ-20 ਮੈਚਾਂ ਵਿਚ 100 ਵਿਕਟਾਂ ਪੂਰੀਆਂ ਕੀਤੀਆਂ। ਇਸ ਨਾਲ ਹੀ ਉਹ ਟੈਸਟ, ਵਨਡੇ ਅਤੇ ਟੀ-20 ਮੈਚਾਂ ਵਿੱਚ 100 ਵਿਕਟਾਂ ਪੂਰੀਆਂ ਕਰਨ ਵਾਲੇ ਪਹਿਲੇ ਭਾਰਤੀ ਗੇਂਦਬਾਜ਼ ਬਣ ਗਏ ਹਨ।

# 'ਵੰਦੇ ਮਾਤਰਮ' ਬਹਿਸ ਦੌਰਾਨ ਬੰਗਾਲ ਦੇ ਨਾਇਕਾਂ ਦਾ ਅਪਮਾਨ ਕਰਨ ਦੇ ਵਿਰੋਧ 'ਚ ਚੁੱਪ ਰੋਸ ਪ੍ਰਦਰਸ਼ਨ

**ਨਵੀਂ ਦਿੱਲੀ।** ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰਾਂ ਨੇ ਮੰਗਲਵਾਰ ਨੂੰ 'ਵੰਦੇ ਮਾਤਰਮ' ਉਤੇ ਚਰਚਾ ਦੌਰਾਨ ਭਾਰਤੀ ਜਨਤਾ ਪਾਰਟੀ (ਭਾਜਪਾ) ਵਲੋਂ ਬੰਗਾਲ ਦੇ ਨਾਇਕਾਂ ਦਾ ਅਪਮਾਨ ਕਰਨ ਦੇ ਵਿਰੋਧ 'ਚ ਸੰਸਦ ਦੇ ਕੇਂਦਰੀ ਹਾਲ 'ਚ ਚੁੱਪ ਪ੍ਰਦਰਸ਼ਨ ਕੀਤਾ। ਬੰਗਾਲ ਦੇ ਨਾਇਕਾਂ ਗੁਰੂਦੇਵ ਰਬਿੰਦਰਨਾਥ ਟੈਗੋਰ ਅਤੇ ਬੰਕਿਮ ਚੰਦਰ ਚੈਟਰਜੀ ਦੀਆਂ ਤਸਵੀਰਾਂ ਫੜ ਕੇ ਸੰਸਦ ਮੈਂਬਰਾਂ ਨੇ ਕੇਂਦਰੀ ਹਾਲ ਵਿਚ ਬੈਠ ਕੇ ਅਤੇ ਬਾਅਦ ਵਿਚ ਸੰਵਿਧਾਨ ਸਭਾ ਦੇ ਗੇਟ ਉਤੇ ਖੜ੍ਹੇ ਹੋ ਕੇ 'ਚੁੱਪ ਵਿਰੋਧ ਪ੍ਰਦਰਸ਼ਨ' ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਸ਼ੁਰੂ ਕੀਤੀ ਗਈ 'ਵੰਦੇ ਮਾਤਰਮ' ਦੇ 150 ਸਾਲ ਪੂਰੇ ਹੋਣ ਉਤੇ ਲੋਕ ਸਭਾ 'ਚ ਚਰਚਾ ਤੋਂ ਇਕ ਦਿਨ ਬਾਅਦ ਇਹ ਵਿਰੋਧ ਪ੍ਰਦਰਸ਼ਨ ਕੀਤਾ ਗਿਆ ਹੈ। ਰਾਜ ਸਭਾ 'ਚ ਤ੍ਰਿਣਮੂਲ ਦੀ ਉਪ ਨੇਤਾ ਸਾਗਰਿਕਾ ਘੋਸ਼ ਨੇ ਦੋਸ਼ ਲਾਇਆ, ''ਕੱਲ੍ਹ 'ਵੰਦੇ ਮਾਤਰਮ' ਉਤੇ ਹੋਈ ਬਹਿਸ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੰਗਾਲ ਦੇ ਸਾਹਿਤਕਾਰ ਬੰਕਿਮ ਚੰਦਰ ਚੈਟਰਜੀ ਅਤੇ ਸਾਡੇ ਮਹਾਨਾਇਕ ਰਬਿੰਦਰਨਾਥ ਟੈਗੋਰ ਦਾ ਅਪਮਾਨ ਕੀਤਾ। ਇਹ ਬੰਗਾਲ ਦੇ ਸਭਿਆਚਾਰ ਅਤੇ ਲੋਕਾਂ ਲਈ ਇਕ ਗੰਭੀਰ ਝਟਕਾ ਹੈ।'' ਉਨ੍ਹਾਂ ਕਿਹਾ ਕਿ ਬੰਕਿਮ ਚੰਦਰ ਚੈਟਰਜੀ ਬੰਗਾਲ ਦੀ ਮਹਾਨ ਸ਼ਖਸੀਅਤ ਹਨ ਅਤੇ ਉਨ੍ਹਾਂ ਨੇ 'ਆਨੰਦਮਠ' ਦੀ ਰਚਨਾ



ਕੀਤੀ ਜਿਸ ਤੋਂ 'ਵੰਦੇ ਮਾਤਰਮ' ਉਤਪੰਨ ਹੋਈ ਹੈ। ਘੋਸ਼ ਨੇ ਦੋਸ਼ ਲਾਇਆ ਕਿ ਉਨ੍ਹਾਂ ਦੇ ਨਾਮ ਵੀ ਗਲਤ ਉਚਾਰਨ ਕੀਤਾ ਗਿਆ ਸੀ ਅਤੇ ਉਸ ਦੇ ਯੋਗਦਾਨ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਗਿਆ ਸੀ। ਤ੍ਰਿਣਮੂਲ ਦੇ ਸੰਸਦ ਮੈਂਬਰਾਂ ਨੇ ਬੰਗਾਲ ਦੇ ਸਭਿਆਚਾਰਕ ਨਾਇਕਾਂ ਦੇ ਅਪਮਾਨ ਲਈ ਪ੍ਰਧਾਨ ਮੰਤਰੀ ਮੋਦੀ ਤੋਂ ਮੁਆਫੀ ਮੰਗਣ ਦੀ ਮੰਗ ਕੀਤੀ। ਜ਼ਿਕਰਯੋਗ ਹੈ ਕਿ ਟੀ.ਐਮ.ਸੀ. ਨੇ ਮੋਦੀ ਉਤੇ ਲੋਕ ਸਭਾ ਵਿਚ 'ਵੰਦੇ ਮਾਤਰਮ' ਉਤੇ ਬਹਿਸ ਦੌਰਾਨ ਚੈਟਰਜੀ ਨੂੰ 'ਬੰਕਿਮ ਦਾ' ਕਹਿ ਕੇ ਉਨ੍ਹਾਂ ਦਾ ਅਪਮਾਨ ਕਰਨ ਦਾ ਦੋਸ਼ ਲਾਇਆ ਸੀ। ਤ੍ਰਿਣਮੂਲ ਦੇ ਸੀਨੀਅਰ ਸੰਸਦ ਮੈਂਬਰ ਸੌਗਤਾ ਰਾਏ ਨੇ ਕਿਹਾ ਕਿ ਉਨ੍ਹਾਂ ਨੂੰ 'ਬੰਕਿਮ ਬਾਬੂ' ਕਿਹਾ ਜਾਣਾ ਚਾਹੀਦਾ ਹੈ। ਮੋਦੀ ਨੇ ਤੁਰਤ ਇਸ ਦਾ ਸਤਿਕਾਰ ਕੀਤਾ ਅਤੇ ਕਿਹਾ, ''ਮੈਂ ਬੰਕਿਮ ਬਾਬੂ ਕਹਾਂਗਾ। ਤੁਹਾਡਾ ਧੰਨਵਾਦ, ਮੈਂ ਤੁਹਾਡੀਆਂ ਭਾਵਨਾਵਾਂ ਦਾ ਆਦਰ ਕਰਦਾ ਹਾਂ।''

# ਦਿਲਜੀਤ ਦੋਸਾਂਝ ਦੀ ਫਿਲਮ ਦੀ ਸ਼ੂਟਿੰਗ ਦੌਰਾਨ ਤਣਾਅ ਪੂਰਵਕ ਹੋਇਆ ਮਾਹੌਲ

**ਪਟਿਆਲਾ।** ਪੰਜਾਬੀ ਗਾਇਕ ਅਦਾਕਾਰ ਦਿਲਜੀਤ ਦੋਸਾਂਝ ਦੀ ਫ਼ਿਲਮ ਦੀ ਸ਼ੂਟਿੰਗ ਦੌਰਾਨ ਅੱਜ ਸਵੇਰੇ ਪਟਿਆਲਾ ਦੇ ਪੁਰਾਣੇ ਬਾਜ਼ਾਰ ਖੇਤਰ ਵਿੱਚ ਭਾਰੀ ਹੰਗਾਮਾ ਹੋਇਆ। ਸਥਿਤੀ ਉਦੋਂ ਹੋਰ ਵਿਗੜ ਗਈ ਜਦੋਂ ਕਈ ਦੁਕਾਨਦਾਰਾਂ ਨੇ ਉਨ੍ਹਾਂ ਦੀਆਂ ਦੁਕਾਨਾਂ ਦੇ ਅੱਗੇ ਫ਼ਾਰਸੀ ਲਿਪੀ ਵਿੱਚ ਲਗਾਏ ਗਏ ਅਚਾਨਕ ਹੋਰਡਿੰਗਾਂ ਤੇ ਸਖ਼ਤ ਇਤਰਾਜ਼ ਪ੍ਰਗਟਾਇਆ। ਵਪਾਰੀਆਂ ਦਾ ਕਹਿਣਾ ਸੀ ਕਿ ਉਹਨਾਂ ਦੀਆਂ ਦੁਕਾਨਾਂ ਅੱਗੇ ਇਨ੍ਹਾਂ ਹੋਰਡਿੰਗਾਂ ਨੂੰ ਲਗਾਉਣ ਤੋਂ ਪਹਿਲਾਂ ਉਨ੍ਹਾਂ ਦੀ ਸਹਿਮਤੀ ਨਹੀਂ ਲਈ ਗਈ ਸੀ, ਜਿਸ ਕਾਰਨ ਫ਼ਿਲਮ ਦੀ ਸ਼ੂਟਿੰਗ ਕਰਨ ਵਾਲੀ ਟੀਮ ਦੇ ਮੈਂਬਰਾਂ ਨਾਲ ਉਨ੍ਹਾਂ ਦੀ ਤਿੱਖੀ ਬਹਿਸ ਹੋਈ। ਮੌਕੇ ਤੇ ਪਹੁੰਚੇ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਪ੍ਰੋਡਕਸ਼ਨ ਟੀਮ ਨੇ ਫ਼ਿਲਮ ਲਈ 'ਪਾਕਿਸਤਾਨੀ ਬਾਜ਼ਾਰ ਦਾ ਦ੍ਰਿਸ਼' ਦਰਸਾਉਂਦੇ ਸੀਨ





ਸ਼ੂਟ ਕਰਨ ਦੀ ਇਜਾਜ਼ਤ ਲਈ ਸੀ। ਅਜਿਹੀਆਂ ਹੀ ਸ਼ੂਟਿੰਗਾਂ, ਜਿਨ੍ਹਾਂ ਵਿੱਚ ਇਹੀ ਮਾਹੌਲ ਬਣਾਇਆ ਗਿਆ ਸੀ, ਬੀਤੇ ਦਿਨ ਮਲੇਰਕੋਟਲਾ ਅਤੇ ਸੰਗਰੂਰ ਦੇ ਬਾਜ਼ਾਰਾਂ ਵਿੱਚ ਵੀ ਕੀਤੀਆਂ ਗਈਆਂ ਸਨ, ਜਿੱਥੇ ਮਾਮੂਲੀ ਵਿਰੋਧ ਹੋਇਆ ਸੀ। ਹਾਲਾਂਕਿ ਪਟਿਆਲਾ ਵਿੱਚ ਫ਼ਾਰਸੀ ਲਿਪੀ ਵਾਲੇ ਬੋਰਡ ਦੇਖਦਿਆਂ ਹੀ ਸਥਾਨਕ ਦੁਕਾਨਦਾਰਾਂ ਨੇ ਤੁਰੰਤ ਇਤਰਾਜ਼ ਕਰਨਾ ਸ਼ੁਰੂ ਕਰ ਦਿੱਤਾ। ਦੁਕਾਨਦਾਰਾਂ ਨੇ ਨਾਅਰੇਬਾਜ਼ੀ ਕਰਦਿਆਂ ਹੋਰਡਿੰਗਾਂ ਨੂੰ ਹਟਾਉਣ ਦੀ ਮੰਗ ਕੀਤੀ। ਵਧਦੇ ਤਣਾਅ ਨੂੰ ਭਾਂਪਦਿਆਂ, ਕਰੂ ਨੇ ਜਲਦਬਾਜ਼ੀ ਵਿੱਚ ਸ਼ਾਟ ਲਏ ਅਤੇ ਸ਼ੂਟਿੰਗ ਨੂੰ ਖ਼ਤਮ ਕਰ ਦਿੱਤਾ। ਮੌਕੇ ਤੇ ਮੌਜੂਦ ਪੁਲੀਸ ਕਰਮਚਾਰੀਆਂ ਨੇ ਦੱਸਿਆ ਕਿ ਸਥਿਤੀ ਹੁਣ ਕਾਬੂ ਹੇਠ ਹੈ ਅਤੇ ਇਲਾਕੇ ਵਿੱਚ ਆਮ ਵਾਂਗ ਹਾਲਾਤ ਬਹਾਲ ਕਰ ਦਿੱਤੇ ਗਏ ਹਨ।

## ਸ਼ਹਿਰੀ ਹਵਾਬਾਜ਼ੀ ਮੰਤਰੀ ਵੱਲੋਂ ਇੰਡੀਗੋ ਉਡਾਣਾਂ ਵਿੱਚ 10 ਫੀਸਦੀ ਕਟੌਤੀ ਦੇ ਹੁਕਮ


**ਨਵੀਂ ਦਿੱਲੀ/ਮੁੰਬਈ।** ਸ਼ਹਿਰੀ ਹਵਾਬਾਜ਼ੀ ਮੰਤਰੀ ਰਾਮ ਮੋਹਨ ਨਾਇਡੂ ਨੇ ਅੱਜ ਕਿਹਾ ਕਿ ਇੰਡੀਗੋ ਨੂੰ ਲੀਹ 'ਤੇ ਲੈ ਕੇ ਆਉਣ ਲਈ ਇਸ ਦੀਆਂ 10 ਫੀਸਦੀ ਉਡਾਣਾਂ ਵਿਚ ਕਟੌਤੀ ਕਰਨ ਦੇ ਹੁਕਮ ਦਿੱਤੇ ਗਏ ਹਨ। ਇੰਡੀਗੋ ਦੀਆਂ ਪਿਛਲੇ ਹਫਤੇ ਦੌਰਾਨ ਹਜ਼ਾਰਾਂ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਸਨ ਜਿਸ ਕਾਰਨ ਯਾਤਰੀਆਂ ਨੂੰ ਖਾਸੀ ਪ੍ਰੇਸ਼ਾਨੀ ਹੋਈ ਸੀ। ਇੰਡੀਗੋ ਦੇ ਸੀਈਓ ਪੀਟਰ ਐਲਬਰਸ ਦੀ ਇੱਕ ਤਸਵੀਰ ਪੋਸਟ ਕਰਦੇ ਹੋਏ ਮੰਤਰੀ ਰਾਮ ਮੋਹਨ ਨਾਇਡੂ ਨੇ ਕਿਹਾ ਕਿ ਏਅਰਲਾਈਨ ਪ੍ਰਬੰਧਨ ਨੂੰ ਇਸ ਸਬੰਧੀ ਸੱਦਿਆ ਗਿਆ ਸੀ। ਉਨ੍ਹਾਂ ਕਿਹਾ ਕਿ ਇੰਡੀਗੋ ਦੇ ਰੂਟਾਂ ਨੂੰ ਘਟਾਉਣ ਨਾਲ ਇਸ ਏਅਰਲਾਈਨ ਦਾ ਸੰਚਾਲਨ ਸਥਿਰ ਹੋਵੇਗਾ ਤੇ ਇਸ ਦੀਆਂ ਉਡਾਣਾਂ ਰੱਦ ਨਹੀਂ ਹੋਣਗੀਆਂ। ਇੰਡੀਗੋ ਪਹਿਲਾਂ ਵਾਂਗ ਆਪਣੀਆਂ ਸਾਰੀਆਂ ਮੰਜ਼ਿਲਾਂ ਨੂੰ




ਕਵਰ ਕਰਨਾ ਜਾਰੀ ਰੱਖੇਗੀ। ਜ਼ਿਕਰਯੋਗ ਹੈ ਕਿ ਇਹ ਕਟੌਤੀ ਹਵਾਈ ਉਡਾਣਾਂ ਦੇ ਨਿਗਰਾਨ ਡੀਜੀਸੀਏ ਦੇ ਸੋਮਵਾਰ ਨੂੰ ਦਿੱਤੇ ਹੁਕਮ ਤੋਂ ਦੁੱਗਣੀ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਇੰਡੀਗੋ 2025-26 ਲਈ ਸਰਦੀਆਂ ਦੇ ਸ਼ਡਿਊਲ ਦੇ ਹਿੱਸੇ ਵਜੋਂ ਪ੍ਰਤੀ ਦਿਨ 2,200 ਤੋਂ ਵੱਧ ਉਡਾਣਾਂ ਚਲਾ ਰਹੀ ਹੈ। ਏਅਰਲਾਈਨ ਨੇ ਕਿਹਾ ਕਿ ਨੈੱਟਵਰਕ ਵਿੱਚ ਸੁਧਾਰ ਹੋਇਆ ਹੈ ਤੇ ਸਾਰੇ 138 ਸਟੇਸ਼ਨਾਂ ਲਈ ਉਡਾਣਾਂ ਬਹਾਲ ਕੀਤੀਆਂ ਗਈਆਂ ਹਨ। ਇੰਡੀਗੋ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਸ ਨੇ ਮੰਗਲਵਾਰ ਨੂੰ 1,800 ਤੋਂ ਵੱਧ ਉਡਾਣਾਂ ਭਰੀਆਂ ਜੋ ਬੁੱਧਵਾਰ ਨੂੰ ਲਗਪਗ 1,900 ਤੱਕ ਪਹੁੰਚ ਜਾਣਗੀਆਂ।

## ਅਸੀਂ ਚੋਰਾਂ ਦਾ ਸਾਥ ਨਹੀਂ ਦੇਵਾਂਗੇ : ਨਵਜੋਤ ਕੌਰ ਸਿੱਧੂ

**ਪਟਿਆਲਾ।** ਕਾਂਗਰਸ ਪਾਰਟੀ ਤੋਂ ਮੁਅੱਤਲ ਕੀਤੀ ਗਈ ਕਾਂਗਰਸ ਦੀ ਸਾਬਕਾ ਵਿਧਾਇਕਾ ਡਾ. ਨਵਜੋਤ ਕੌਰ ਸਿੱਧੂ ਨੇ ਕਿਹਾ ਹੈ ਕਿ ਉਹ ਪਾਰਟੀ ਹਾਈ ਕਮਾਂਡ ਨਾਲ ਗੱਲਬਾਤ ਕਰ ਰਹੀ ਹੈ ਪਰ ਉਹ ਚੋਰਾਂ ਦਾ ਸਮਰਥਨ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਉਹ ਪਾਰਟੀ ਨਾਲ ਤਾਂ ਹੀ ਕੰਮ ਕਰ ਸਕਦੇ ਹਨ ਜੇ ਇਹ ਪਾਰਟੀ ਨੂੰ ਬਰਬਾਦ ਕਰਨ ਵਾਲੇ ਲੋਕਾਂ ਨੂੰ ਪਾਸੇ ਕਰੇ। ਉਨ੍ਹਾਂ ਕਿਹਾ ਕਿ ਮੈਂ ਹਾਈ ਕਮਾਂਡ ਨਾਲ ਗੱਲਬਾਤ ਕਰ ਰਹੀ ਹਾਂ, ਪਰ ਮੇਰੀ ਇਹ ਇੱਕ ਸ਼ਰਤ ਹੈ ਕਿ ਮੈਂ ਚੋਰਾਂ ਦਾ ਸਮਰਥਨ ਨਹੀਂ ਕਰਾਂਗੀ। ਜੇ ਅਸੀਂ ਸਰਕਾਰ ਬਣਾਉਣਾ ਚਾਹੁੰਦੇ ਹਾਂ, ਤਾਂ ਜਿਹੜੇ ਚਾਰ ਜਾਂ ਪੰਜ ਲੋਕ ਕਾਂਗਰਸ ਪਾਰਟੀ ਨੂੰ ਬਰਬਾਦ ਕਰ ਰਹੇ ਹਨ, ਜੇਕਰ ਉਨ੍ਹਾਂ ਨੂੰ ਪਾਸੇ ਕਰ ਦਿੱਤਾ ਜਾਂਦਾ ਹੈ, ਤਾਂ ਮੈਂ ਇਸ ਬਾਰੇ ਸੋਚਾਂਗੀ। ਉਨ੍ਹਾਂ ਦਾਅਵਾ ਕੀਤਾ ਕਿ ਜਦੋਂ ਉਹ ਰਾਜਪਾਲ ਨੂੰ ਮਿਲਣ ਗਈ ਸੀ ਤਾਂ ਮੀਡੀਆ ਨੇ ਉਨ੍ਹਾਂ ਦੇ ਬਿਆਨਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ। ਉਨ੍ਹਾਂ ਦਾਅਵਾ ਕੀਤਾ ਕਿ ਜਿਹੜੇ ਲੋਕ ਉਨ੍ਹਾਂ ਦੇ ਬਿਆਨਾਂ ਤੋਂ ਪਰੇਸ਼ਾਨ ਹਨ, ਉਨ੍ਹਾਂ ਕੋਲ ਸ਼ਿਵਾਲਿਕ ਰੇਂਜ ਵਿੱਚ 10,000 ਏਕੜ ਜ਼ਮੀਨ ਹੈ ਅਤੇ ਹੁਣ ਪੰਜਾਬ ਦੇ ਮੁੱਖ ਮੰਤਰੀ



ਭਗਵੰਤ ਮਾਨ ਦੇ ਸਹਿਯੋਗ ਨਾਲ ਉਹ ਇਸ ਜ਼ਮੀਨ ਨੂੰ ਕਾਨੂੰਨੀ ਬਣਾਉਣਾ ਚਾਹੁੰਦੇ ਹਨ ਜਦੋਂਕਿ ਉਹ ਇਸ ਦੇ ਸਖ਼ਤ ਵਿਰੁੱਧ ਖੜ੍ਹੀ ਹੈ। ਡਾ. ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਉਹ ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਰਾਹੀਂ ਆਪਣੇ ਮੁੱਦੇ ਉਠਾਉਣਾ ਚਾਹੁੰਦੀ ਸੀ, ਪਰ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਰਾਜਪ-ਾਲ ਨੂੰ ਮਿਲਣ ਦਾ ਸਮਾਂ ਮਿਲ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਸ਼ਿਵਾਲਿਕ ਰੇਂਜ ਵਿੱਚ ਕਰੋੜਾਂ ਰੁਪਏ ਦੀ ਜਾਇਦਾਦ ਰੱਖਣ ਵਾਲੇ ਇਨ੍ਹਾਂ ਕੁਝ ਲੋਕਾਂ ਦਾ ਮੁੱਦਾ ਉਠਾਉਣ ਤੇ ਹਰ ਕੋਈ ਬੇਚੈਨ ਹੋ ਗਿਆ। ਉਨ੍ਹਾਂ ਕਿਹਾ ਕਿ ਮੈਨੂੰ ਉਮੀਦ ਸੀ ਕਿ ਰਾਹੁਲ ਗਾਂਧੀ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨਗੇ। ਸੁਖਜਿੰਦਰ ਰੰਧਾਵਾ ਵੱਲੋਂ ਭੇਜੇ ਗਏ ਕਾਨੂੰਨੀ ਨੋਟਿਸ ਬਾਰੇ ਉਨ੍ਹਾਂ ਆਲੋਚਨਾ ਕਰਦੇ ਹੋਏ ਕਿਹਾ ਕਿ ਉਹ ਆਪਣੀ ਪਤਨੀ ਦੀ ਜਿੱਤ ਵੀ ਯਕੀਨੀ ਨਹੀਂ ਬਣਾ ਸਕਿਆ ਅਤੇ ਉਸ ਨੇ ਰਾਜਸਥਾਨ ਵਿੱਚ ਕਰੋੜਾਂ ਰੁਪਏ ਵਿੱਚ ਟਿਕਟਾਂ ਖੁੱਲ੍ਹੇਆਮ ਵੇਚੀਆਂ। ਉਨ੍ਹਾਂ ਨੇ ਮੀਡੀਆ ਵਿੱਚ ਇਸ ਦੇ ਸਬੂਤ ਦੇਖੇ ਹਨ ਅਤੇ ਕਾਂਗਰਸ ਹਾਈ ਕਮਾਂਡ ਨੂੰ ਵੀ ਭੇਜੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣਾ ਪੱਖ ਹਾਈ ਕਮਾਂਡ ਅੱਗੇ ਪੇਸ਼ ਕੀਤਾ ਹੈ ਅਤੇ ਜੇ ਹਾਈ ਕਮਾਂਡ ਨੂੰ ਸੱਚ ਬੋਲਣ ਵਾਲੇ ਲੋਕਾਂ ਦੀ ਲੋੜ ਹੈ, ਤਾਂ ਉਹ ਉਨ੍ਹਾਂ ਦੇ ਨਾਲ ਖੜ੍ਹੇ ਹੋਣਗੇ। ਨਵਜੋਤ ਕੌਰ ਨੇ ਕਿਹਾ ਕਿ ਏ ਆਈ ਸੀ ਸੀ ਉਨ੍ਹਾਂ ਦਾ ਸਮਰਥਨ ਕਰਦੀ ਹੈ ਅਤੇ ਕਾਂਗਰਸ ਪਾਰਟੀ ਦਾ 70 ਫੀਸਦੀ ਹਿੱਸਾ ਵੀ ਉਨ੍ਹਾਂ ਦੇ ਨਾਲ ਹੈ। ਸਾਰੇ ਕਾਂਗਰਸੀ ਆਗੂ ਉਨ੍ਹਾਂ ਦੇ ਸੰਪਰਕ ਵਿੱਚ ਹਨ ਪਰੰਤੂ ਉਹ ਇਸ ਵੇਲੇ ਕਿਸੇ ਦਾ ਨਾਮ ਜ਼ਾਹਰ ਨਹੀਂ ਕਰਨਾ ਚਾਹੁੰਦੀ ਤਾਂ ਜੋ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਾ ਹੋਵੇ।

Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਥਾਈਲੈਂਡ ਨੇ ਕੰਬੋਡੀਆ 'ਤੇ ਕਰ ਦਿੱਤੀ ਏਅਰ ਸਟ੍ਰਾਈਕ



**ਥਾਈਲੈਂਡ/ਸ਼ਾਹ :** ਥਾਈਲੈਂਡ ਅਤੇ ਕੰਬੋਡੀਆ ਵਿਚਕਾਰ ਇਕ ਵਾਰ ਫਿਰ ਤੋਂ ਹਿੰਸਾ ਭੜਕ ਗਈ ਐ, ਜਿਸ ਦੇ ਚਲਦਿਆਂ ਥਾਈਲੈਂਡ ਨੇ ਕੰਬੋਡੀਆ ਦੇ ਕਈ ਟਿਕਾਣਿਆਂ 'ਤੇ ਏਅਰ ਸਟ੍ਰਾਈਕ ਕਰ ਦਿੱਤੀ। ਇਹ ਹਮਲਾ ਅਜਿਹੇ ਸਮੇਂ ਹੋਇਆ ਜਦੋਂ ਹਾਲੇ ਕੁੱਝ ਮਹੀਨੇ ਪਹਿਲਾਂ ਹੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮੌਜੂਦਗੀ ਵਿਚ ਦੋਵੇਂ ਦੇਸ਼ਾਂ ਵਿਚਾਲੇ ਸ਼ਾਂਤੀ ਸਮਝੌਤਾ ਹੋਇਆ ਸੀ। ਉਸ ਸਮੇਂ ਪੰਜ ਦਿਨ ਚੱਲੀ ਲੜਾਈ ਵਿਚ 30 ਤੋਂ ਜ਼ਿਆਦਾ ਲੋਕ ਮਾਰੇ ਗਏ ਸੀ ਜਦਕਿ ਹਜ਼ਾਰਾਂ ਲੋਕਾਂ ਨੂੰ ਘਰ ਛੱਡਣ ਲਈ ਮਜਬੂਰ ਹੋਣਾ ਪਿਆ ਸੀ। ਸੋ ਆਓ ਤੁਹਾਨੂੰ ਦੱਸਦੇ ਆਂ, ਕੀ ਐ ਪੂਰਾ ਮਾਮਲਾ ਅਤੇ ਦੋਵੇਂ ਦੇਸ਼ਾਂ ਵਿਚਾਲੇ ਕਿਉਂ ਹੋ ਰਿਹੈ ਇਹ ਟਕਰਾਅ?ਜਾਣਕਾਰੀ ਅਨੁਸਾਰ ਥਾਈਲੈਂਡ ਅਤੇ ਕੰਬੋਡੀਆ ਵਿਚਾਲੇ ਹੋ ਰਹੀ ਲੜਾਈ ਸਰਹੱਦ 'ਤੇ ਮੌਜੂਦ ਇਕ ਪ੍ਰਾਚੀਨ ਸ਼ਿਵ ਮੰਦਰ ਪ੍ਰੀਹ ਵਿਹਿਅਰ ਅਤੇ ਤਾ ਮੁਏਨ ਥਾਮ ਨੂੰ ਲੈ ਕੇ ਹੋ ਰਹੀ ਐ, ਜਿਸ ਨੂੰ ਲੈ ਕੇ ਲੰਬੇ ਸਮੇਂ ਤੋਂ ਦੋਵੇਂ ਦੇਸ਼ਾਂ ਵਿਚਾਲੇ ਵਿਵਾਦ ਚਲਦਾ ਆ ਰਿਹਾ ਏ। ਇਹ ਮੰਦਰ ਕੰਬੋਡੀਆ ਦੀ ਸਰਹੱਦ ਵਿਚ ਪੈਂਦਾ ਏ, ਪਰ ਆਸਪਾਸ ਦੀ ਜ਼ਮੀਨ 'ਤੇ ਦੋਵੇਂ ਦੇਸ਼ ਆਪਣਾ ਅਧਿਕਾਰ ਦੱਸਦੇ ਨੇ। ਕੁੱਝ ਮਹੀਨੇ ਪਹਿਲਾਂ ਦੋਵੇਂ ਦੇਸ਼ਾਂ ਵਿਚਾਲੇ ਪੰਜ ਦਿਨ ਤੱਕ ਲੜਾਈ ਚੱਲੀ ਸੀ, ਜਿਸ ਵਿਚ ਕਈ ਲੋਕ ਮਾਰੇ ਗਏ ਸੀ। ਹੁਣ ਮੌਜੂਦਾ ਸਮੇਂ ਲੜਾਈ ਇਸ ਕਰਕੇ ਛਿੜੀ ਕਿਉਂਕਿ ਥਾਈਲੈਂਡ ਦਾ ਕਹਿਣਾ ਏ ਕਿ ਕੰਬੋਡੀਆ ਵੱਲੋਂ ਕਈ ਦਿਨਾਂ ਤੋਂ ਸਰਹੱਦ 'ਤੇ ਭਾਰੀ ਹਥਿਆਰ ਜਮ੍ਹਾਂ ਕੀਤੇ ਜਾ ਰਹੇ ਸੀ ਅਤੇ ਫ਼ੌਜ ਤਾਇਨਾਤ ਕੀਤੀ ਜਾ ਰਹੀ ਸੀ, ਜਿਸ ਕਰਕੇ ਉਨ੍ਹਾਂ ਨੂੰ ਇਹ ਹਮਲਾ ਕਰਨਾ ਪਿਆ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਬੱਸ ਅਤੇ ਆਟੋ ਦੀ ਟੱਕਰ ਦੌਰਾਨ 3 ਵਿਅਕਤੀਆਂ ਦੀ ਮੌਤ, ਕਈ ਗੰਭੀਰ

**ਹਾਜੀਪੁਰ।** ਬਿਹਾਰ ਦੇ ਵੈਸ਼ਾਲੀ ਜ਼ਿਲ੍ਹੇ ਵਿੱਚ ਅੱਜ ਸਵੇਰੇ ਇੱਕ ਭਿਆਨਕ ਸੜਕ ਹਾਦਸੇ ਵਿੱਚ 3 ਵਿਅਕਤੀਆਂ ਦੀ ਮੌਤ ਹੋ ਗਈ ਅਤੇ 10 ਤੋਂ ਵੱਧ ਲੋਕ ਗੰਭੀਰ ਜ਼ਖਮੀ ਹੋ ਗਏ। ਇਹ ਹਾਦਸਾ ਅੱਜ ਸਵੇਰੇ ਕਰੀਬ 8:30 ਵਜੇ ਜ਼ਿਲ੍ਹੇ ਦੇ ਹਾਜੀਪੁਰ-ਲਾਲਗੰਜ ਰੋਡ ਤੇ ਕੰਚਨਪੁਰ ਧਨੁਸ਼ੀ ਨੇੜੇ ਵਾਪਰਿਆ, ਜਦੋਂ ਇੱਕ ਬੱਸ ਨੇ ਆਟੋ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ।

ਟੱਕਰ ਇੰਨੀ ਜ਼ਬਰਦਸਤ ਸੀ ਕਿ ਆਟੋ ਦੇ ਪਰਖੱਚੇ ਉੱਡ ਗਏ ਅਤੇ ਇਸ ਦਾ ਉੱਪਰਲਾ ਹਿੱਸਾ ਪੂਰੀ ਤਰ੍ਹਾਂ ਨਾਲ ਸਾਫ਼ ਹੋ ਗਿਆ। ਆਟੋ ਵਿੱਚ ਕਰੀਬ 12 ਤੋਂ 13 ਯਾਤਰੀ ਸਵਾਰ ਸਨ, ਜੋ ਟੱਕਰ ਮਗਰੋਂ ਸੜਕ ਤੇ ਇੱਧਰ-ਉੱਧਰ ਖਿੱਲਰ ਗਏ। ਚਸ਼ਮਦੀਦਾਂ ਅਨੁਸਾਰ, ਇੱਕ ਵਿਅਕਤੀ ਦੀ ਮੌਕੇ ਤੇ ਹੀ ਡਿੱਗਣ ਨਾਲ ਮੌਤ ਹੋ ਗਈ, ਜਦੋਂ ਕਿ ਦੋ ਹੋਰਾਂ ਨੇ ਹਸਪਤਾਲ ਵਿੱਚ ਦਮ ਤੋੜ ਦਿੱਤਾ। ਇਹ ਹਾਦਸਾ ਇੱਕ ਵਨ-ਵੇ ਸੜਕ ਤੇ ਹੋਇਆ ਜਿੱਥੇ ਦੋਵੇਂ ਵਾਹਨ ਆਹਮੋ-ਸਾਹਮਣੇ ਆ ਰਹੇ ਸਨ ਅਤੇ ਦੋਵਾਂ ਦੀ ਸਪੀਡ ਬਹੁਤ ਜ਼ਿਆਦਾ ਸੀ। ਯਾਤਰੀ ਬੱਸ ਦੀ ਰਫ਼ਤਾਰ 70 ਕਿਲੋਮੀਟਰ ਪ੍ਰਤੀ ਘੰਟਾ ਸੀ, ਜਦੋਂ ਕਿ ਆਟੋ ਵੀ 60 ਕਿਲੋਮੀਟਰ ਪ੍ਰਤੀ ਘੰਟਾ ਦੀ ਸਪੀਡ ਤੇ ਸੀ। ਆਟੋ ਹਾਜੀਪੁਰ ਤੋਂ ਲਾਲਗੰਜ ਵੱਲ ਜਾ ਰਿਹਾ ਸੀ, ਜਦੋਂ ਕਿ ਬੱਸ ਲਾਲਗੰਜ ਤੋਂ ਹਾਜੀਪੁਰ ਵੱਲ ਆ ਰਹੀ ਸੀ। ਚਸ਼ਮਦੀਦਾਂ ਨੇ ਇਸ ਹਾਦਸੇ ਦਾ ਕਾਰਨ ਬੱਸ ਡਰਾਈਵਰ ਦੀ ਲਾਪਰਵਾਹੀ ਦੱਸਿਆ ਹੈ। ਹਾਦਸੇ ਤੋਂ



ਤੁਰੰਤ ਬਾਅਦ ਬੱਸ ਡਰਾਈਵਰ ਬੱਸ ਛੱਡ ਮੌਕੇ ਤੋਂ ਫ਼ਰਾਰ ਹੋ ਗਿਆ। ਨਾਰਾਜ਼ ਲੋਕਾਂ ਦੀ ਭੀੜ ਨੇ ਯਾਤਰੀ ਬੱਸ ਵਿੱਚ ਤੋੜ-ਭੰਨ ਸ਼ੁਰੂ ਕਰ ਦਿੱਤੀ, ਜਿਸ ਦੌਰਾਨ ਬੱਸ ਵਿੱਚ ਸਵਾਰ ਯਾਤਰੀਆਂ ਨੇ ਭੱਜ ਕੇ ਆਪਣੀ ਜਾਨ ਬਚਾਈ। ਘਟਨਾ ਦੀ ਸੂਚਨਾ ਮਿਲਦੇ ਹੀ ਸਥਾਨਕ ਪੁਲੀਸ ਮੌਕੇ ਤੇ ਪਹੁੰਚੀ। ਜ਼ਖਮੀਆਂ ਨੂੰ ਇਲਾਜ ਲਈ ਹਾਜੀਪੁਰ ਸਦਰ ਹਸਪਤਾਲ ਭੇਜਿਆ ਗਿਆ, ਜਿਨ੍ਹਾਂ ਵਿੱਚੋਂ ਕੁਝ ਦੀ ਹਾਲਤ ਗੰਭੀਰ ਹੈ। ਪੁਲੀਸ ਮ੍ਰਿਤਕਾਂ ਅਤੇ ਜ਼ਖਮੀਆਂ ਦੀ ਪਛਾਣ ਕਰਨ ਵਿੱਚ ਜੁਟੀ ਹੋਈ ਹੈ। ਮ੍ਰਿਤਕਾਂ ਦੀ ਪਛਾਣ ਮੁਹੰਮਦ ਦਿਲਸ਼ੇਰ ਅਤੇ ਰਾਜੀਵ ਕੁਮਾਰ ਤੇ ਰਾਜਗੀਰ ਕੁਮਾਰ ਵਜੋਂ ਹੋਈ ਹੈ।

## ਸੜਕ ਹਾਦਸੇ ਦਾ ਸ਼ਿਕਾਰ ਹੋਏ ਬਿੱਗ ਬੌਸ ਫ਼ੇਮ ਜੀਸ਼ਾਨ ਖ਼ਾਨ, ਜਾਨੀ ਨੁਕਸਾਨ ਤੋਂ ਬਚਾਅ



**ਮਹਾਰਾਸ਼ਟਰ।** ਟੀ.ਵੀ. ਅਦਾਕਾਰ ਅਤੇ ਬਿੱਗ ਬੌਸ ਓ.ਟੀ.ਟੀ. ਸਟਾਰ ਜ਼ੀਸ਼ਾਨ ਖਾਨ ਬੀਤੀ ਰਾਤ ਇਕ ਵੱਡੇ ਹਾਦਸੇ ਦਾ ਸ਼ਿਕਾਰ ਹੋ ਗਏ। ਪ੍ਰਸਿੱਧ ਸੀਰੀਅਲ ਕੁਮਕੁਮ ਭਾਗਿਆ ਅਤੇ ਨਾਗਿਨ ਵਿਚ ਆਪਣੀਆਂ ਭੂਮਿਕਾਵਾਂ ਲਈ ਜਾਣੇ ਜਾਂਦੇ ਜ਼ੀਸ਼ਾਨ ਦੀ ਵਰਸੋਵਾ ਖੇਤਰ ਵਿਚ ਇਕ ਹੋਰ ਵਾਹਨ ਨਾਲ ਕਾਰ ਦੀ ਟੱਕਰ ਹੋ ਗਈ। ਹਾਦਸਾ ਇੰਨਾ ਗੰਭੀਰ ਸੀ ਕਿ ਕਾਰ ਦੇ ਏਅਰਬੈਗ ਵੀ ਖੁੱਲ੍ਹ ਗਏ ਹਾਲਾਂਕਿ ਅਦਾਕਾਰ ਪੂਰੀ ਤਰ੍ਹਾਂ ਸੁਰੱਖਿਅਤ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਘਟਨਾ ਬੀਤੀ ਰਾਤ 8:30 ਵਜੇ ਦੇ ਕਰੀਬ ਵਾਪਰੀ, ਜਦੋਂ ਜ਼ੀਸ਼ਾਨ ਆਪਣੀ ਕਾਲੀ ਕਾਰ ਹਾਦਸੇ ਤੋਂ ਤੁਰੰਤ ਬਾਅਦ ਜ਼ੀਸ਼ਾਨ ਨੇ ਨਜ਼ਦੀਕੀ ਪੁਲੀਸ ਸਟੇਸ਼ਨ ਜਾ ਕੇ ਰਸਮੀ ਸ਼ਿਕਾਇਤ ਦਰਜ ਕਰਵਾਈ। ਪੁਲੀਸ ਵਲੋਂ ਮਾਮਲੇ ਦੀ ਜਾਂਚ ਚੱਲ ਰਹੀ ਹੈ। ਹਾਲਾਂਕਿ ਜ਼ੀਸ਼ਾਨ ਵਲੋਂ ਖੁਦ ਇਸ ਮਾਮਲੇ ਤੇ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਵਿੱਦਿਅਕ ਸੈਸ਼ਨ 2026- 27 ਲਈ ਨਵੋਦਿਆ ਵਿਦਿਆਲਿਆ ਦੀ ਪ੍ਰਵੇਸ਼ ਪ੍ਰੀਖਿਆ 13 ਨੂੰ

## ਜਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀ ਚੋਣਾਂ ਕਾਰਨ ਪ੍ਰੀਖਿਆ ਕੇਂਦਰ ਬਦਲੇ

**ਕਪੂਰਥਲਾ ( ਕੌੜਾ )-** ਜਵਾਹਰ ਨਵੋਦਿਆ ਵਿਦਿਆਲਾ ਮਸੀਤਾਂ (ਸਲਤਾਨਪੁਰ ਲੋਧੀ) ਦੇ ਪ੍ਰਿੰਸੀਪਲ ਮੈਡਮ ਗੁਰਪ੍ਰੀਤ ਕੌਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿੱਦਿਅਕ ਸੈਸ਼ਨ 2026- 27 ਲਈ ਨਵੋਦਿਆ ਵਿਦਿਆਲਿਆ ਦੀ 5ਵੀਂ ਜਮਾਤ ਦੇ ਵਿਦਿਆਰਥੀਆਂ ਦੀ ਪ੍ਰਵੇਸ਼ ਪ੍ਰੀਖਿਆ 13 ਦਸੰਬਰ ਦਿਨ ਸ਼ਨੀਵਾਰ ਨੂੰ ਹੋਣ ਜਾ ਰਹੀ ਹੈ। ਓਹਨਾਂ ਦੱਸਿਆ ਕਿ ਜਿਲ੍ਹਾ ਕਪੂਰਥਲਾ ਦੇ ਸਾਰੇ ਸਿੱਖਿਆ ਬਲਾਕਾਂ ਵਿੱਚ ਜਵਾਹਰ ਨਵੋਦਿਆ ਵਿਦਿਆਲਾ ਮਸੀਤਾਂ (ਸਲਤਾਨਪੁਰ ਲੋਧੀ) ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੜ੍ਹ ਰਹੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਜਿਹਨਾਂ ਨੇ ਪ੍ਰਵੇਸ਼ ਪ੍ਰੀਖਿਆ ਲਈ ਦਾਖ਼ਲਾ ਫ਼ਾਰਮ ਭਰੇ ਸਨ, ਉਹਨਾਂ ਦੇ ਰੋਲ ਨੰਬਰ ਅਤੇ ਐਡਮਿਟ ਕਾਰਡ ਸਬੰਧਤ ਸਿੱਖਿਆ ਬਲਾਕ ਦਫਤਰਾਂ



ਵਿੱਚ ਪਹੁੰਚਾਏ ਗਏ ਹਨ। ਪ੍ਰਿੰਸੀਪਲ ਗੁਰਪ੍ਰੀਤ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਡਿਪਟੀ ਕਮਿਸ਼ਨਰ ਕਪੂਰਥਲਾ ਅਤੇ ਜਿਲ੍ਹਾ ਸਿੱਖਿਆ ਅਫ਼ਸਰ (ਐਲੀ:) ਕਪੂਰਥਲਾ ਦੇ ਸਹਿਯੋਗ ਨਾਲ ਜਵਾਹਰ ਨਵੋਦਿਆ ਵਿਦਿਆਲਿਆ ਸਲੈਕਸ਼ਨ ਟੈਸਟ 2026 ਵੱਲੋਂ ਜਾਰੀ ਆਦੇਸ਼ਾਂ ਅਤੇ ਹਦਾਇਤਾਂ ਅਨੁਸਾਰ ਸ਼ਰਤਾਂ ਪੂਰੀਆਂ ਕਰਦੇ ਸਰਕਾਰੀ ਸਿੱਖਿਆ ਅਦਾਰਿਆਂ ਵਿੱਚ ਪ੍ਰੀਖਿਆ ਕੇਂਦਰ ਬਣਾਏ ਗਏ ਸਨ । ਪਰ 14 ਦਸੰਬਰ ਨੂੰ ਪੰਜਾਬ ਵਿੱਚ ਹੋ ਰਹੇ ਜਿਲ੍ਹਾ ਪ੍ਰੀਸ਼ਦ/ ਬਲਾਕ ਸੰਮਤੀ ਚੋਣਾਂ ਕਾਰਨ ਪ੍ਰੀਖਿਆ ਕੇਂਦਰ ਬਦਲੇ ਗਏ ਹਨ ਜਿਨ੍ਹਾਂ ਵਿਚ ਚੋਣ ਬੂਥ ਬਣਨ ਕਾਰਨ ਹੁਣ ਸਾਰੇ ਸਰਕਾਰੀ ਸਿੱਖਿਆ ਅਦਾਰਿਆਂ ਵਿੱਚ ਬਣੇ ਪ੍ਰੀਖਿਆ ਕੇਂਦਰਾਂ ਦੀ ਥਾਂ ਹਨ ਪ੍ਰਾਈਵੇਟ ਸਿੱਖਿਆ ਅਦਾਰਿਆਂ ਵਿੱਚ ਪ੍ਰੀਖਿਆ ਕੇਂਦਰ ਬਣਾਏ ਗਏ ਹਨ । ਪ੍ਰਿੰਸੀਪਲ ਗੁਰਪ੍ਰੀਤ ਕੌਰ ਨੇ ਜਵਾਹਰ ਨਵੋਦਿਆ ਵਿਦਿਆਲਿਆ ਸਲੈਕਸ਼ਨ ਟੈਸਟ -2026 ਦੀ ਪ੍ਰੀਖਿਆ ਦੇ ਰਹੇ ਵਿਦਿਆਰਥੀਆਂ ਤੇ ਅਧਿਆਪਕਾਂ ਅਤੇ ਮਾਪਿਆਂ ਨੂੰ ਦੱਸਿਆ ਕਿ ਜਵਾਹਰ ਨਵੋਦਿਆ ਵਿਦਿਆਲਿਆ ਸਲੈਕਸ਼ਨ ਟੈਸਟ- 2026 ਦੀ ਪ੍ਰੀਖਿਆ ਹੁਣ ਗੁਰੂ ਹਰਗੋਬਿੰਦ ਪਬਲਿਕ ਸਕੂਲ ਨਡਾਲਾ , ਸ਼ਿਸ਼ੂ ਮਾਡਲ ਸਕੂਲ ਭੁਲੱਥ, ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਕਪੂਰਥਲਾ, ਹਿੰਦੂ ਕੰਨਿਆ ਕਾਲਜ ਸਕੂਲ ਕਪੂਰਥਲਾ, ਐੱਮ ਜੀ ਐਨ ਸੀਨੀਅਰ ਸੈਕੰਡਰੀ ਸਕੂਲ ਕਪੂਰਥਲਾ , ਲਾਰਡ ਮਹਾਂਵੀਰ ਜੈਨ ਪਬਲਿਕ ਸਕੂਲ ਫਗਵਾੜਾ , ਕੈਂਬਰਿਜ ਇੰਟਰਨੈਸ਼ਨਲ ਸਕੂਲ ਫਗਵਾੜਾ, ਕੈਂਬਰਿਜ ਇੰਟਰਨੈਸ਼ਨਲ ਸਕੂਲ ਸੁਲਤਾਨਪੁਰ ਲੋਧੀ ਅਤੇ ਦਸ਼ਮੇਸ਼ ਅਕੈਡਮੀ ਸੁਲਤਾਨਪੁਰ ਲੋਧੀ ਆਦਿ ਪ੍ਰਾਈਵੇਟ ਸਿੱਖਿਆ ਕੇਂਦਰਾਂ ਵਿੱਚ ਹੋਵੇਗੀ।

# ਸ਼ਹੀਦਾਂ ਦੀ ਲਾਸ਼ਾਨੀ ਯਾਦ ਨੂੰ ਸਮਰਪਿਤ ਸੂਰੀ ਹਸਪਤਾਲ ਵਲੋਂ ਮੈਗਾ ਸਰਜੀਕਲ ਮੈਡੀਕਲ ਚੈੱਕਅਪ ਅਤੇ ਆਪ੍ਰੇਸ਼ਨ ਕੈਂਪ 15 ਦਸੰਬਰ ਤੋਂ 15 ਜਨਵਰੀ ਤੱਕ : ਡਾਕਟਰ ਭੁਪਿੰਦਰ ਸਿੰਘ ਸੂਰੀ

**ਬਲਾਚੌਰ (ਜਤਿੰਦਰਪਾਲ ਸਿੰਘ ਕਲੇਰ)**-ਇਲਾਕੇ ਦੇ ਪ੍ਰਸਿੱਧ ਦੇ ਗਰੀਬਾਂ ਦੇ ਮਸੀਹਾ ਨਾਮ ਨਾਲ ਜਾਣੇ ਜਾਂਦੇ ਬਲਾਚੌਰ ਦੇ ਭੱਦੀ ਰੋਡ ਤੇ ਸਥਿਤ ਸੂਰੀ ਹਸਪਤਾਲ ਵਲੋਂ ਸ਼ਹੀਦਾਂ ਦੀ ਲਾਸ਼ਾਨੀ ਯਾਦ ਨੂੰ ਸਮਰਪਿਤ ਮੈਗਾ ਸਰਜੀਕਲ ਮੈਡੀਕਲ ਚੈੱਕਅਪ ਅਤੇ ਆਪ੍ਰੇਸ਼ਨ ਕੈਂਪ 15 ਦਸੰਬਰ ਤੋਂ 15 ਜਨਵਰੀ ਤੱਕ ਲਗਾਇਆ ਜਾ ਰਿਹਾ ਹੈ । ਇਸ ਸਬੰਧੀ ਵਿੱਚ ਜਾਣਕਾਰੀ ਦਿੰਦੇ ਹੋਏ ਸੂਰੀ ਹਸਪਤਾਲ ਦੇ ਮਾਲਕ ਡਾਕਟਰ ਭੁਪਿੰਦਰ ਸਿੰਘ ਸੂਰੀ ਤੇ ਡਾਕਟਰ ਅਮਨਦੀਪ ਕੌਰ ਸੂਰੀ ਨੇ ਦੱਸਿਆ ਕਿ ਇਸ ਮੈਗਾ ਕੈਂਪ ਵਿਚ ਪਿੱਤੇ ਦੀ ਪੱਥਰੀ, ਅਪੈਂਡਿਕਸ, ਹਰਨੀਆਂ, ਬੱਚੇਦਾਨੀ ਦੇ ਆਪ੍ਰੇਸ਼ਨ, ਗਰਭਵਤੀ ਮਹਿਲਾਵਾਂ ਦੇ ਆਪ੍ਰੇਸ਼ਨ (ਸ਼ਜੇਰੀਅਨ) ਸਿਰਫ 15000 ਰੁਪਏ ਵਿੱਚ ਕੀਤੇ ਜਾਣਗੇ । ਡਾਕਟਰ ਭੁਪਿੰਦਰ ਸਿੰਘ ਸੂਰੀ ਨੇ ਦੱਸਿਆਂ ਕਿ ਹਸਪਤਾਲ ਵਿੱਚ ਅੱਖਾਂ ਦੀ ਜਾਂਚ ਲਈ ਅਤਿ ਆਧੁਨਿਕ ਸੈਂਟਰ ਖੁੱਲ ਗਿਆ ਹੈ । ਜਿਸ ਵਿੱਚ ਨਵੀ ਤਕਨੀਕ ਦੀਆਂ ਮਸ਼ੀਨਾਂ ਨਾਲ ਅੱਖਾ ਦਾ ਚੈੱਕਅਪ ਕੀਤਾ ਜਾਦਾ ਹੈ । ਉਨ੍ਹਾਂ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਵੱਧ ਇਸ ਮੈਗਾ ਕੈਂਪ ਵਿੱਚ ਪਹੁੰਚ ਕੇ ਲਾਹਾ ਲਵੋ।



**ਹਰਸਿਮਰਨ ਜੋਤ ਸਿੰਘ ਕਲੇਰ।**

# ਬਾਬਾ ਸਾਹਿਬ ਡਾਕਟਰ ਅੰਬੇਡਕਰ ਦਾ 69ਵਾਂ ਮਹਾਂਪ੍ਰੀਨਿਰਵਾਣ ਦਿਵਸ ਮਨਾਇਆ ਗਿਆ

**ਕਪੂਰਥਲਾ, ( ਕੌੜਾ )-** ਆਲ ਇੰਡੀਆ ਅਨੁਸੂਚਿਤ ਜਾਤੀ, ਜਨਜਾਤੀ ਰੇਲਵੇ ਇੰਪਲਾਈਜ਼ ਐਸੋਸੀਏਸ਼ਨ ਵੱਲੋਂ ਬਾਬਾ ਸਾਹਿਬ ਡਾਕਟਰ ਅੰਬੇਡਕਰ ਦਾ 69ਵਾਂ ਮਹਾਂਪ੍ਰੀਨਿਰਵਾਣ ਦਿਵਸ ਆਰ ਸੀ ਐਫ ਦੇ ਵਾਰਿਸ ਸ਼ਾਹ ਹਾਲ ਵਿਖੇ ਸ਼ਰਧਾ ਪੂਰਵਕ ਮਨਾਇਆ ਗਿਆ । ਜਿਸ ਵਿੱਚ ਰੇਲ ਕੋਚ ਫੈਕਟਰੀ ਦੇ ਪ੍ਰਿੰਸੀਪਲ ਚੀਫ ਇਲੈਕਟਰੀਕਲ ਇੰਜੀਨੀਅਰ ਰਮੇਸ਼ ਕੁਮਾਰ ਜੈਨ ਮੁੱਖ ਮਹਿਮਾਨ ਵਜੋਂ ਪ੍ਰਿੰਸੀਪਲ ਜੋਗਿੰਦਰ ਸਿੰਘ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਜੋਨਲ ਪ੍ਰਧਾਨ ਜੀਤ ਸਿੰਘ, ਜੋਨਲ ਸਕੱਤਰ ਆਰ ਸੀ ਮੀਣਾ, ਜੋਨਲ ਕਾਰਜਕਾਰੀ ਪ੍ਰਧਾਨ ਸੋਹਨ ਬੈਠਾ , ਦੇਸ ਰਾਜ ਅਤੇ ਜੋਨਲ ਖਜਾਨਚੀ ਧਰਮਵੀਰ ਸਿੰਘ ਨੇ ਸਾਂਝੇ ਤੌਰ ਤੇ ਕੀਤੀ। ਸਮਾਗਮ ਦੀ ਸ਼ੁਰੂਆਤ ਜੋਤੀ ਪ੍ਰਜੱਲਿਤ ਕਰਦੇ ਹੋਏ ਬਾਬਾ ਸਾਹਿਬ ਅੰਬੇਡਕਰ ਜੀ ਦੀ ਮੂਰਤੀ ਅੱਗੇ ਮੁੱਖ ਮਹਿਮਾਨ ਰਮੇਸ਼ ਕੁਮਾਰ ਜੈਨ, ਪ੍ਰਿੰਸੀਪਲ ਜੋਗਿੰਦਰ ਸਿੰਘ ਫੁੱਲ ਅਰਪਿਤ ਕੀਤੇ। ਐਸੋਸੀਏਸ਼ਨ ਵੱਲੋਂ ਜੀਤ ਸਿੰਘ, ਸੋਹਨ ਬੈਠਾ ,ਦੇਸ ਰਾਜ, ਧਰਮਵੀਰ ਸਿੰਘ, ਟੀ ਪੀ ਸਿੰਘ ਨੇ ਸਮੂਹ ਹਾਲ ਵਿੱਚ ਸ਼ਾਮਿਲ ਹੋ ਕੇ ਸਾਂਝੇ





ਤੌਰ ਤੇ ਕੀਤੀ। ਇੰਜੀਨੀਅਰ ਜੀਤ ਸਿੰਘ ਨੇ ਬੋਲਦਿਆਂ ਹੋਇਆਂ ਕਿਹਾ ਕਿ ਸਾਨੂੰ ਪ੍ਰਣ ਲੈਣਾ ਚਾਹੀਦਾ ਕਿ ਬਾਬਾ ਸਾਹਿਬ ਵੱਲੋਂ ਦੱਸੇ ਮੰਤਰ ਅਨੁਸਾਰ ਸੰਗਠਿਤ ਹੋਈਏ। ਸੰਗਠਨ ਨਹੀਂ ਬਣਾਉਣੇ ਚਾਹੀਦੇ ਸੰਗਠਿਤ ਹੋ ਕੇ ਹੀ ਅਸੀਂ ਆਪਣੇ ਹੱਕਾਂ ਹਕੂਕਾਂ ਨੂੰ ਬਰਕਰ- ਾਰ ਰੱਖ ਸਕਦੇ ਹਾਂ। ਮੁੱਖ ਮਹਿਮਾਨ ਨੇ ਆਪਣੇ ਵਿਚਾਰ ਰੱਖਦਿਆਂ ਹੋਇਆ ਕਿਹਾ ਕਿ ਬਾਬਾ ਸਾਹਿਬ ਸਾਡੇ ਸਭ ਦੇ ਮਾਰਗ ਦਰਸ਼ਕ ਹਨ ਅਤੇ ਨਾਲ ਹੀ ਉਹਨਾਂ ਦੇ ਵਿਚਾਰ ਮਨੁੱਖ ਜਨਮ ਤੋਂ ਹੀ ਆਪਣੇ ਕਰਮ ਤੋਂ ਮਹਾਨ ਹਨ। ਇਸ ਮੌਕੇ ਤੇ ਬੀ ਆਰ ਅੰਬੇਡਕਰ ਸੁਸਾਇਟੀ ਜਲੰਧਰ ਦੇ ਰੌਸ਼ਨ ਭਾਰਤੀ ਨੇ ਕਿਹਾ ਕਿ ਬਾਬਾ ਸਾਹਿਬ ਨੇ ਔਰਤਾਂ ਤੇ ਦੱਬੇ ਕੁਚਲੇ ਲੋਕਾਂ ਨੂੰ ਉਹਨਾਂ ਦੇ ਹੱਕ ਦਿਵਾਏ। ਜਿੰਨ੍ਹਾਂ ਦੀ ਬਦੌਲਤ ਅੱਜ ਉਹ ਵਧੀਆ ਜ਼ਿੰਦਗੀ ਜਿਓ ਰਹੇ ਹਨ। ਇਸ ਮੌਕੇ ਤੇ ਕਸ਼ਮੀਰ ਸਿੰਘ ਤੇ ਲੱਖਣਪਾਲ, ਲਲਿਤ ਕੁਮਾਰ, ਮਨੀ ਕੁਮਾਰ, ਦਿਨੇਸ਼ ਕੁਮਾਰ, ਕ੍ਰਿਸ਼ਨ ਸਿੰਘ ,ਕੇਸ਼ੋ ਰਾਮ, ਗਿਰੀਰਾਜ ਮੀਣਾ ,ਨੀਰਜ ਕੁਮਾਰ ,ਬਲਵਿੰਦਰ ਸਿੰਘ ,ਰਜਿੰਦਰ ਕੁਮਾਰ, ਰਣਜੀਤ ਸਿੰਘ, ਨਿਰਵੈਰ ਸਿੰਘ ਆਦਿ ਨੇ ਸਮਾਗਮ ਨੂੰ ਸਫਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸੂਰੀ ਹਸਪਤਾਲ ਵਲੋਂ ਬਲਾਚੌਰ ਪਬਲਿਕ ਸਕੂਲ ਵਿੱਚ ਅੱਖਾਂ ਦਾ ਮੁਫਤ ਚੈੱਕਅੱਪ ਕੈਂਪ ਲਗਾਇਆ ਗਿਆ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਚਾਰ ਸਾਹਿਬਜ਼ਾਦਿਆਂ ਦੀ ਲਸ਼ਾਨੀ ਸ਼ਹਾਦਤ ਨੂੰ ਸਮਰਪਿਤ ਇਲਾਕੇ ਦੇ ਪ੍ਰਸਿੱਧ ਸੂਰੀ ਹਸਪਤਾਲ ਭੱਦੀ ਰੋਡ ਬਲਾਚੌਰ ਵਲੋਂ ਬੱਚਿਆਂ ਲਈ ਅੱਖਾਂ ਦਾ ਮੁਫਤ ਚੈੱਕਅੱਪ ਕੈਂਪ ਬਲਾਚੌਰ ਪਬਲਿਕ ਸਕੂਲ ਗੜ੍ਹਸ਼ੰਕਰ ਰੋਡ ਵਿੱਚ ਲਗਾਇਆ ਗਿਆ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੂਰੀ ਹਸਪਤਾਲ ਭੱਦੀ ਰੋਡ ਬਲਾਚੌਰ ਦੇ ਮਾਲਕ ਡਾਕਟਰ ਭੁਪਿੰਦਰਜੀਤ ਸਿੰਘ ਸੂਰੀ ਅਤੇ ਡਾਕਟਰ ਅਮਨਦੀਪ ਕੌਰ ਸੂਰੀ ਨੇ ਦੱਸਿਆਂ ਕਿ ਉਨਾਂ ਦੇ ਹਸਪਤਾਲ ਦੇ ਮਾਹਰ ਡਾਕਟਰਾਂ ਦੀ ਟੀਮ ਵਲੋਂ ਬੀਤੇ ਦਿਨ ਸਕੂਲੀ ਬੱਚਿਆਂ ਦੀਆਂ ਅੱਖਾਂ ਦਾ ਮੁਫਤ ਚੈੱਕਅੱਪ ਕੈਂਪ ਬਲਾਚੌਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਰੋਡ ਬਲਾਚੌਰ ਵਿਖੇ ਲਗਾਇਆ ਗਿਆ ਜਿਸ ਵਿੱਚ ਲੱਗਭਗ




400 ਤੋਂ ਵੀ ਵੱਧ ਬੱਚਿਆਂ ਨੇ ਇਸ ਕੈਂਪ ਦਾ ਲਾਹਾ ਲਿਆ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਬੱਚਿਆਂ ਦੀਆਂ ਅੱਖਾਂ ਦਾ ਮੁਫਤ ਚੈੱਕ ਅਪ ਕਰਕੇ ਉਹਨਾਂ ਨੂੰ ਮੁਫਤ ਦਵਾਈਆਂ ਅਤੇ ਜਰੂਰਤ ਮੁਤਾਬਿਕ ਐਨਕਾਂ ਵੀ ਦਿੱਤੀਆਂ ਗਈਆਂ। ਸਕੂਲ ਦੇ ਚੇਅਰਮੈਨ ਐੱਚ ਪੀ ਸਿੰਘ ਅਤੇ ਪ੍ਰਿੰਸੀਪਲ ਮੈਡਮ ਹਰਮਨਿੰਦਰ ਕੌਰ ਨੇ ਸੂਰੀ ਹਸਪਤਾਲ ਦੇ ਮਾਲਿਕ ਡਾਕਟਰ ਭੁਪਿੰਦਰਜੀਤ ਸਿੰਘ ਸੂਰੀ ਅਤੇ ਡਾ ਅਮਨਦੀਪ ਕੌਰ ਸੂਰੀ ਅਤੇ ਹਸਪਤਾਲ ਦੀ ਟੀਮ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਗਰੀਬਾਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਸੂਰੀ ਹਸਪਤਾਲ ਵਲੋਂ ਬੱਚਿਆਂ ਲਈ ਇਹ ਇਕ ਨਿਵੇਕਲਾ ਉਪਰਾਲਾ ਕੀਤਾ ਗਿਆ ਜਿਸ ਦਾ ਸਕੂਲ ਦੇ ਵਿਦਿਆਰਥੀਆਂ ਨੇ ਭਰਪੂਰ ਲਾਭ ਲਿਆ। ਉਨ੍ਹਾਂ ਦੱਸਿਆ ਕਿ ਸੂਰੀ ਹਸਪਤਾਲ ਵਲੋਂ ਸਮੇਂ ਸਮੇਂ ਤੇ ਅਜਿਹੇ ਕੈਂਪ ਵੱਖੋਂ ਵੱਖਰੇ ਪਿੰਡਾਂ ਵਿਚ ਲਗਾਏ ਜਾਂਦੇ ਹਨ ਜਿਸ ਦਾ ਲੋਕ ਭਰਪੂਰ ਲਾਭ ਲੈਂਦੇ ਹਨ। ਇਸ ਮੌਕੇ ਤੇ ਡਾ ਭੁਪਿੰਦਰਜੀਤ ਸਿੰਘ ਸੂਰੀ ਨੇ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹਨ ਅਤੇ ਉਨ੍ਹਾਂ ਲਈ ਅਜਿਹੇ ਹੋਰ ਵੀ ਕੈਂਪ ਅੱਗੇ ਆਉਣ ਵਾਲੇ ਸਮੇਂ ਵਿਚ ਵੀ ਲਗਾਏ ਜਾਂਦੇ ਰਹਿਣਗੇ।

# ਯੂਥ ਅਕਾਲੀ ਦਲ ਵੱਲੋਂ ਕਾਉਂਕੇ ਦੀ ਅਗਵਾਈ 'ਚ ਬੂਟੇ ਲਾ ਕੇ ਮਨਾਇਆ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦਾ ਜਨਮ-ਦਿਨ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਦੀ ਸਿਆਸਤ ਦੇ ਬਾਬਾ ਬੋਹੜ ਕਹੇ ਜਾਣ ਵਾਲੇ ਗੁੱਝੇ ਸਿਆਸਤਦਾਨ ਅਤੇ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦਾ ਜਨਮ-ਦਿਨ ਯੂਥ ਅਕਾਲੀ ਆਗੂ ਸ੍ਰ: ਜਸਦੀਪ ਸਿੰਘ ਕਾਉਂਕੇ ਦੀ ਅਗਵਾਈ ਹੇਠ ਬੱਚਿਆਂ ਵੱਲੋਂ ਬੂਟੇ ਲਗਵਾ ਕੇ ਮਨਾਇਆ ਗਿਆ। ਇਸ ਮੌਕੇ ਬੋਲਦਿਆਂ ਸ੍ਰ: ਸਿਮਰਨਜੀਤ ਸਿੰਘ ਹਨੀ ਅਤੇ ਸੁਰਜੀਤ ਸਿੰਘ ਪੰਮਾ ਨੇ ਆਖਿਆ ਕਿ ਸ੍ਰ: ਬਾਦਲ ਸਰਬ ਧਰਮ ਏਕਤਾ ਦੀ ਗੱਲ ਕਰਨ ਵਾਲੇ ਅਤੇ ਵਾਤਾਵਰਣ ਪ੍ਰੇਮੀ ਸਨ। ਇਸ ਕਾਰਨ ਉਹਨਾਂ ਦੇ ਜਨਮ-ਦਿਨ ਤੇ ਬੱਚਿਆਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਬੂਟੇ ਪਾਰਕਾਂ ਵਿੱਚ ਲਗਾਏ ਗਏ ਹਨ ਅਤੇ ਇਹਨਾਂ ਦੀ ਸਾਂਭ ਸੰਭਾਲ ਵੀ ਇਹੀ ਕਰਨਗੇ । ਕਾਉਂਕੇ ਨੇ ਆਖਿਆ ਕਿ ਅੱਜ ਸਾਰਾ ਪੰਜਾਬ ਸ਼੍ਰੋਮਣੀ ਅਕਾਲੀ ਦਲ ਨੂੰ ਯਾਦ ਕਰ ਰਿਹਾ ਹੈ ਕਿ ਕਿਸ ਤਰ੍ਹਾਂ ਗਲੀ ਗਲੀ ਜਾ ਕੇ ਸ੍ਰ: ਬਾਦਲ ਸੰਗਤ ਦਰਸ਼ਨ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਸੁਣਦੇ ਸਨ । ਉਹਨਾਂ ਆਖਿਆ ਕਿ ਆਉਣ ਵਾਲਾ ਸਮਾਂ ਸ਼੍ਰੋਮਣੀ ਅਕਾਲੀ ਦਲ ਦਾ ਹੀ ਹੈ ਅਤੇ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਹੀ ਲੋਕ ਫਤਵਾ ਦੇਣਗੇ ।ਇਸ ਮੌਕੇ ਪ੍ਰਿਤਪਾਲ ਸਿੰਘ ਰੰਧਾਵਾ, ਬਲਜਿੰਦਰ ਸਿੰਘ, ਮਨਪ੍ਰੀਤ ਮੰਨਾ, ਹਰਪ੍ਰੀਤ ਸਿੰਘ ਟੌਹੜਾ, ਅਮਿਤ ਸਿੰਗਲਾ, ਗੁਰਦੀਪ ਸਿੰਘ ਢੀਂਗਰਾ, ਮਨਪ੍ਰੀਤ ਕੱਕੜ, ਰਜਿੰਦਰ ਗੌਰਵ ਮਲਹੋਤਰਾ, ਗੁਰਦੀਪ ਸਿੰਘ ਅਰੋੜਾ ਆਦਿ ਪ੍ਰਮੁੱਖ ਤੌਰ ਤੇ ਹਾਜ਼ਰ ਸਨ।

# ਗੁਰਦੀਪ ਸਿੰਘ ਕਾਲੀ ਨੂੰ ਡਾ.ਅੰਬੇਡਕਰ ਨਵਯੁਵਕ ਦਲ ਪੰਜਾਬ ਦਾ ਪ੍ਰਧਾਨ ਲਗਾਇਆ ਗਿਆ : ਬੰਸੀ ਲਾਲ ਪ੍ਰੇਮੀ

## (ਬਾਬੂ ਕਾਂਸ਼ੀਰਾਮ ਜੀ ਦੇ ਸੁਪਨੇ ਨੂੰ ਪੂਰਾ ਕਰਨ ਲਈ ਪੰਜਾਬ ਦੀ ਧਰਤੀ ਤੋਂ ਇੱਕ ਵਾਰ ਫਿਰ ਅੰਬੇਡਕਰੀ ਲਹਿਰ ਕਰਵਟ ਲਵੇਗੀ : ਕਾਲੀ ਪਾਇਲ)

**ਮਾਲੇਰਕੋਟਲਾ (ਕੁਲਵੰਤ ਸਿੰਘ ਮੁਹਾਲੀ)** ਡਾਕਟਰ ਅੰਬੇਡਕਰ ਨਵਯੁਕਤ ਦਲ ਵੱਲੋਂ ਲੁਧਿਆਣਾ ਦੇ ਕੁੰਤੀ ਨਗਰ ਇਕਾਈ ਵੱਲੋਂ ਸੰਸਥਾ ਦੇ ਸੰਥਾਪਕ ਬੰਸੀ ਲਲ ਪ੍ਰੇਮੀ ਦੀ ਅਗਵਾਹੀ ਵਿੱਚ ਕਰਵਾਏ ਗਏ ਮਹਾਨ ਸਮਾਗਮ ਵਿਜ਼ਨ ਦਿਵਸ ਦੇ ਰੂਪ ਵਿੱਚ ਮਨਾਇਆ ਗਿਆ।ਇਸ ਸਬੰਧੀ ਸੰਸਥਾ ਦੇ ਸੰਸਥਾਪਕ ਬੰਸੀਲਾਲ ਪ੍ਰੇਮੀ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਡਾ.ਅੰਬੇਡਕਰ ਸਾਹਿਬ ਦਾ ਮਿਸ਼ਨ ਅਤੇ ਮਕਸਦ ਬਹੁਤ ਵੱਡਾ ਸੀ, ਉਹ ਚਾਹੁੰਦੇ ਸਨ ਕਿ ਭਾਰਤ ਦੇਸ਼ ਦਾ ਹਰ ਵਿਅਕਤੀ ਪੜ੍ਹ-ਲਿਖ ਕੇ ਸਮਾਜ ਵਿੱਚ ਆਪਣੇ ਭਾਈਚਾਰੇ ਦੀ ਹੋਰਨਾਂ ਵਰਗਾਂ ਨਾਲ ਬਰਾਬਰਤਾ ਲਿਆਵੇ ਅਤੇ ਇਸ ਲਈ ਸਾਨੂੰ ਆਪਣੇ ਸੁੱਖ-ਆਰਾਮ ਤਿਆਗ ਕੇ ਆਪਣੇ ਬੱਚਿਆਂ ਨੂੰ



ਪੜ੍ਹਾਉਣਾ ਚਾਹੀਦਾ ਹੈ।ਇਸ ਮੌਕੇ ਸਮੂਹ ਜਥੇਬੰਦੀ ਦੇ ਅਹੁਦੇਦਾਰਾਂ ਦੇ ਵੱਲੋਂ ਸਰਬਸੰਮਤੀ ਨਾਲ ਉੱਘੇ ਅੰਬੇਡਕਰਵਾਦੀ ਗੁਰਦੀਪ ਸਿੰਘ ਕਾਲੀ ਪਾਇਲ ਨੂੰ ਡਾਕਟਰ ਅੰਬੇਡਕਰ ਨਵਯੁਕਤ ਦਲ ਪੰਜਾਬ ਦਾ ਪ੍ਰਧਾਨ ਐਲਾਨਿਆ ਗਿਆ ਤਾਂ ਜੋ ਖੇਤਰਵਾਦੀ ਲੜਾਈ ਤੋਂ ਉੱਪਰ ਉੱਠ ਕੇ ਅੰਬੇਡਕਰ ਸਾਹਿਬ ਜੀ ਦੀ ਲੜਾਈ ਨੂੰ ਪੂਰੇ ਦੇਸ਼ ਵਿੱਚ ਪਹੁੰਚਾਇਆ ਜਾ ਸਕੇ।

ਇਸ ਮੌਕੇ ਪੰਜਾਬ ਦਾ ਪ੍ਰਧਾਨ ਲੱਗਣ ਤੋਂ ਬਾਅਦ ਗੁਰਦੀਪ ਸਿੰਘ ਕਾਲੀ ਨੇ ਕਿਹਾ ਕਿ ਮਾਨਿਵਰ ਕਾਂਸ਼ੀ ਰਾਮ ਸਾਹਿਬ ਦਾ ਸੁਪਨਾ ਸੀ ਕਿ ਪੰਜਾਬ ਵਿੱਚ ਅੰਬੇਡਕਰਵਾਦੀਆਂ ਦੀ ਸਰਕਾਰ ਬਣੇ। ਜਿਸ ਲਈ ਉਹਨਾਂ ਆਪਣਾ ਲੰਬਾ ਸੰਘਰਸ਼ ਪੰਜਾਬ ਦੀ ਧਰਤੀ ਤੇ ਕੀਤਾ ਪ੍ਰੰਤੂ ਉਹ ਸਫਲ ਨਹੀਂ ਹੋ ਸਕੇ। ਅਸੀਂ ਡਾ.ਅੰਬੇਡਕਰ ਸਾਹਿਬ ਨੂੰ ਇਸ ਪਲੇਟਫਾਰਮ ਤੋਂ ਪੂਰੇ ਪੰਜਾਬ ਦੇ ਅੰਦਰ ਇੱਕ ਅਜਿਹੀ ਲਹਿਰ ਚਲਾਵਾਂਗੇ ਜਿਸ ਨਾਲ ਪੰਜਾਬ ਅੰਦਰ ਸ੍ਰੀ ਕਾਂਸ਼ੀ ਰਾਮ ਸਾਹਿਬ ਦੇ ਸੁਪਨਿਆਂ ਦਾ ਪੰਜਾਬ ਅਤੇ ਸਰਕਾਰ ਬਣਾਉਣ ਲਈ ਸਮਾਜਿਕ ਅੰਦੋਲਨ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਛੋਟੇ ਲਾਲ ਪਾਲ, ਸੋਹਨ ਲਾਲ, ਜਸਵਿੰਦਰ ਸਿੰਘ, ਸੰਜੂ ਜੱਸਲ, ਕੁਲਦੀਪ ਸਿੰਘ ਬੰਟੀ, ਦਵਿੰਦਰ ਸਿੰਘ, ਬ੍ਰਿਜ ਲਾਲ ਗੌਤਮ, ਰਾਕੇਸ਼ ਬੋਧ, ਰਕੇਸ਼ ਕੁਮਾਰ ਡਾਕਟਰ ਕਮਲੇਸ਼, ਸ਼ਾਹਦੇਵ ਮੌਰੀਆ, ਮਨੋਜ ਕੁਮਾਰ, ਸ਼ਿਵ ਕੁਮਾਰ ,ਸ਼ਿਵ ਪ੍ਰਸ਼ਾਦ ਬਰਮਾ, ਰਾਜ ਬਹਾਦਰ, ਬਰਮਾ, ਰਾਜ ਕੁਮਾਰੀ ਕਮਲੇਸ਼ ਪ੍ਰੇਮੀ, ਪੁਸ਼ਪਾ ਰਾਣੀ ਕਲਪਨਾ ਦੇਵੀ, ਪੁਸ਼ਪਾ ਦੇਵੀ, ਦਾਊ ਅਰੁਨ ਸਿਧੂ, ਰਾਹੁਲ ਕੁਮਾਰ, ਵਿਵੇਕਾਨੰਦ, ਜਨਾਰਦਨ ਮੁੰਨੀ ,ਵਿਨੋਦ ਕੁਮਾਰ, ਬੰਸਰਾਜ ਭਾਰਤੀ ਅਤੇ ਕਾਲੀ ਚਰਨ ਵੀ ਮੌਜੂਦ ਸਨ।

# ਜ਼ਿੰਦਗੀ ਬਹੁਤ ਖੂਬਸੂਰਤ ਹੈ ਇਸ ਕਰਕੇ ਸਾਨੂੰ ਜ਼ਿੰਦਗੀ ਦੇ ਹਰ ਪਲ ਦਾ ਆਨੰਦ ਵਧੀਆ ਤਰੀਕੇ ਨਾਲ ਮਾਨਣਾ ਚਾਹੀਦਾ ਹੈ : ਭੁਪਿੰਦਰ ਸਿੰਘ ਪਿੰਕੀ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** – ਜ਼ਿੰਦਗੀ ਬਹੁਤ ਹੀ ਖੂਬਸੂਰਤ ਹੈ ਅਤੇ ਸਾਨੂੰ ਜ਼ਿੰਦਗੀ ਦੇ ਹਰ ਪਲ ਦਾ ਆਨੰਦ ਵਧੀਆ ਤਰੀਕੇ ਨਾਲ ਮਾਨਣਾ ਚਾਹੀਦਾ ਹੈ। ਮਾਂ-ਬਾਪ ਦੇ ਕਿੰਨੇ ਹੀ ਅਰਮਾਨ ਹੁੰਦੇ ਹਨ ਕਿ ਕੱਲ ਨੂੰ ਉਹਨਾਂ ਦੀ ਔਲਾਦ ਪੜ੍ਹ ਲਿਖ ਕੇ ਮਾ – ਬਾਪ ਅਤੇ ਸਮਾਜ ਦਾ ਨਾਂਅ ਰੌਸ਼ਨ ਕਰੇ ਅਤੇ ਸਮਾਜ ਲਈ ਵਧੀਆ ਕੰਮ ਕਰੇ ਤਾਂ ਜੋ ਉਨ੍ਹਾਂ ਦਾ ਸਿਰ ਮਾਣ ਨਾਲ ਉੱਚਾ ਹੋਵੇ ਪਰ ਵਿਚਾਰਨ ਵਾਲੀ ਗੱਲ ਹੈ ਕਿ ਪਿਛਲੇ ਕੁਝ ਸਮੇਂ ਤੋਂ ਨੌਜਵਾਨ ਪੀੜ੍ਹੀ ਕੁਰਾਹੇ ਪੈ ਗਈ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵਕ ਅਤੇ ਬੁਧੀਜੀਵੀ ਸ਼ਖਸ਼ੀਅਤ ਭੁਪਿੰਦਰ ਸਿੰਘ ਪਿੰਕੀ ਨੇ ਸਾਡੇ ਪੱਤਰਕਾਰ ਨਾਲ ਇੱਕ ਮੁਲਾਕਾਤ ਦੌਰਾਨ ਕੀਤਾ ! ਉਹਨਾਂ ਕਿਹਾ ਕਿ ਇਸ ਵੇਲੇ ਪੱਛਮੀ ਸਭਿਅਤਾ ਦਾ ਬਹੁਤ ਜ਼ਿਆਦਾ ਬੋਲ-ਬਾਲਾ ਹੈ।ਅੱਜ ਦੀ ਨੌਜਵਾਨ ਪੀੜ੍ਹੀ ਪੱਛਮੀ ਸਭਿਅਤਾ ਵੱਲ ਲਗਾਤਾਰ ਵੱਧ ਰਹੀ ਹੈ ਅਤੇ ਭੈੜੀਆਂ ਆਦਤਾਂ ਦਾ ਸ਼ਿਕਾਰ ਹੋ ਚੁੱਕੀ ਹੈ ਅਤੇ ਹੋ ਰਹੀ ਹੈ । ਉਹਨਾ ਕਿਹਾ ਕਿ ਅੱਜ ਦੇ ਨੌਜਵਾਨਾਂ ਵੱਲੋਂ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਬੁਲਟ ਮੋਟਰਸਾਇਕਲ ਤੇ ਚਾਰ-ਚਾਰ ਬੰਦੇ ਬੈਠ ਕੇ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ, ਖੁੱਲ੍ਹੇ ਸਾਈਲੈਂਸਰ ਨਾਲ ਪਟਾਖੇ ਵਜਾਉਂਦੇ ਆਮ ਦੇਖੇ ਜਾ ਸਕਦੇ ਹਨ। ਉਹਨਾਂ ਕਿਹਾ ਕਿ ਜਦੋਂ ਕੋਈ ਰਾਹਗੀਰ ਜਾ ਰਿਹਾ ਹੁੰਦਾ ਹੈ ਤਾਂ ਅਜਿਹੇ ਸ਼ਰਾਰਤੀ ਨੌਜਵਾਨ ਬੁੱਲਟ ਤੇ ਪਟਾਖੇ ਵਜਾਉਂਦੇ ਹਨ ਤਾਂ ਮੋਟਰਸਾਈਕਲ ਦੇ ਸਾਈਲੈਂਸਰਾਂ ਨਾਲ ਬੇਵਜ੍ਹਾ ਬਜਾਏ ਜਾਂਦੇ ਪਟਾਕਿਆਂ ਦੀ ਆਵਾਜ਼ ਸੁਣਕੇ ਕਈ ਰਾਹਗੀਰ ਘਬਰਾ ਜਾਂਦੇ ਹਨ। ਉਹਨਾ ਕਿਹਾ ਕਿ ਪੁਲਿਸ ਇਹੋ ਜਿਹੇ ਸ਼ਰਾਰਤੀ ਅਨਸਰਾਂ ਦੇ ਚਲਾਨ ਤਾ ਕੱਟਦੀ ਆ ਪਰ ਫੇਰ ਵੀ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਅਕਲ ਨਹੀਂ ਆਉਂਦੀ ।



# ਸਟੇਟ ਪੱਧਰ ਤੇ ਤੀਸਰਾ ਸਥਾਨ ਹਾਸਲ ਕਰਨ ਵਾਲੀ ਕਬੱਡੀ ਟੀਮ ਦਾ ਸਨਮਾਨ ਕੀਤਾ ਗਿਆ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਹਰਜਿੰਦਰ ਕੌਰ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸਿੱਖਿਆ ਜਲੰਧਰ ਦੀ ਯੋਗ ਰਹਿਨੁਮਾਈ ਹੇਠ ਸਟੇਟ ਪੱਧਰ ਤੇ ਤੀਸਰਾ ਸਥਾਨ ਹਾਸਲ ਕਰਨ ਵਾਲੀ ਕਬੱਡੀ ਨੈਸ਼ਨਲ ਸਟਾਈਲ ਲੜਕੀਆਂ ਦੀ ਟੀਮ ਦਾ ਸਨਮਾਨ ਸਰਕਾਰੀ ਪ੍ਰਾਇਮਰੀ ਸਕੂਲ ਛਾਊਲੇ ਬਲਾਕ ਨਕੋਦਰ 1 ਵਿਖੇ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਨਿਰਮਲ ਸਿੰਘ ਜੀ ਬੀਪੀਓ ਨਕੋਦਰ 1 ਵੱਲੋਂ ਸ਼ਿਰਕਤ ਕੀਤੀ ਗਈ। ਇਸ ਮੌਕੇ ਤੇ ਨਿਰਮਲ ਸਿੰਘ ਜੀ ਵੱਲੋਂ ਬੱਚਿਆਂ ਨੂੰ ਅਤੇ ਟੀਮ ਇੰਚਾਰਜ ਸ. ਰਛਪਾਲ ਸਿੰਘ ਜੀ ਅਤੇ ਸ. ਸਤਿੰਦਰਜੀਤ ਸਿੰਘ ਜੀ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸ਼੍ਰੀਮਤੀ ਦਿਲਪ੍ਰੀਤ ਕੌਰ ਜੀ ਸੀਐਚਟੀ ਉਮਰਵਾਲ ਬਿੱਲਾ ਜੀ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਮੌਕੇ ਤੇ ਸਾਬਕਾ ਬੀਪੀਈਓ ਸ਼ਬੀਪੀਈ ਵੀਨੀਤ ਕੁਮਾਰ, ਸੀਐਚਟੀ ਜਸਵੀਰ ਸਿੰਘ,



ਲੜਕੀਆਂ ਦੀ ਕਬੱਡੀ ਟੀਮ ਦਾ ਸਨਮਾਨ ਕਰਦੇ ਹੋਏ ਬੀ.ਪੀ.ਓ ਨਕੋਦਰ - 1ਨਿਰਮਲ ਸਿੰਘ ਤੇ ਹੋਰ ਅਧਿਆਪਕ ਸਾਹਿਬਾਨ।

ਸ. ਦਲੀਪ ਸਿੰਘ,ਖੇਡ ਅਫਸਰ ਸ੍ਰੀਮਤੀ ਨਰਿੰਦਰ ਕੌਰ ਜੀ,ਹੈਡ ਟੀਚਰ ਦਿਲਬ-ਾਗ ਸਿੰਘ,ਹੈਡ ਟੀਚਰ ਕਪਲ ਕਵਾਤਰਾ, ਹੈਡ ਟੀਚਰ ਜਸਵੰਤ ਸਿੰਘ, ਹੈੱਡ ਟੀਚਰ ਮੁਲਖ ਰਾਜ, ਸਵਰਾਜ ਸਿੰਘ, ਜਤਿੰਦਰ ਕੁਮਾਰ, ਗੁਰਿੰਦਰ ਸਿੰਘ, ਕਮਲੇਸ਼,ਵਿਸ਼ਾਲ, ਜਸਪ੍ਰੀਤ ਸਿੰਘ,ਅਮਨ ਵਰਮਾ, ਦਵਿੰਦਰ ਸਿੰਘ, ਮੈਡਮ ਅਮਨਦੀਪ, ਮੈਡਮ ਰਜਨਦੀਪ, ਮੈਡਮ ਪ੍ਰਿਅੰਕਾ, ਮੈਡਮ ਸੁਨੀਤਾ ਦੇਵੀ,ਦਿਵੀਸ਼ਾ, ਚਰਨਜੀਤ ਕੌਰ ਅਤੇ ਸੁਭਾਸ਼ ਚੰਦਰ, ਸਾਬਕਾ ਪੰਚਾਇਤ ਮੈਂਬਰ ਸ੍ਰੀ ਬਖਸ਼ੀਸ਼ ਸਿੰਘ ਤੇ ਹੋਰ ਪਤਵੰਤੇ ਸੱਜਣ ਅਤੇ ਕਲਸਟਰ ਉਮਰਵਾਲ ਬਿੱਲਾ ਦੇ ਅਧਿਆਪਕ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਲਖਵਿੰਦਰ ਸਿੰਘ ਸਮਰਾ ਜੀ ਵੱਲੋਂ ਬਖੂਬੀ ਨਿਭਾਈ ਗਈ। ਅੰਤ ਵਿੱਚ ਸਕੂਲ ਮੁਖੀ ਰਛਪਾਲ ਸਿੰਘ ਜੀ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

# ਆਈ.ਆਈ.ਏ. ਪੰਜਾਬ ਦੇ ਸਾਬਕਾ ਚੇਅਰਮੈਨ ਸੰਜੇ ਗੋਇਲ ਨੇ ਚੰਡੀਗੜ੍ਹ ਵਿੱਚ ਇੱਕ ਹੋਰ ਵਿਧਾਨ ਸਭਾ ਇਮਾਰਤ ਦੀ ਹਰਿਆਣਾ ਦੀ ਮੰਗ ਨੂੰ ਰੱਦ ਕਰਨ ਦੇ ਐਮਐਚਏ ਦੇ ਫੈਸਲੇ ਦਾ ਕੀਤਾ ਸਵਾਗਤ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਇੰਡੀਅਨ ਇੰਸਟੀਚਿਊਟ ਆਫ਼ ਆਰਕੀਟੈਕਟਸ (ਆਈ.ਆਈ.ਏ.) ਪੰਜਾਬ ਚੈਪਟਰ ਦੇ ਸਾਬਕਾ ਚੇਅਰਮੈਨ ਆਰਕੀਟੈਕਟ ਸੰਜੇ ਗੋਇਲ, ਸੁਰਿੰਦਰ ਬਾਹਗਾ, ਸਾਬਕਾ ਚੇਅਰਮੈਨ, ਆਈ.ਆਈ.ਏ ਚੰਡੀਗੜ੍ਹ-ਪੰਜਾਬ ਚੈਪਟਰ ਅਤੇ ਐਸ ਡੀ ਸਿੰਘ, ਸਾਬਕਾ ਚੇਅਰਮੈਨ, ਆਈ.ਆਈ.ਏ. ਚੰਡੀਗੜ੍ਹ ਚੈਪਟਰ ਨੇ ਕੇਂਦਰੀ ਗ੍ਰਹਿ ਮੰਤਰਾਲੇ (ਐਮਐਚਏ) ਦੇ ਚੰਡੀਗੜ੍ਹ ਵਿੱਚ ਇੱਕ ਹੋਰ ਵਿਧਾਨ ਸਭਾ ਇਮਾਰਤ ਦੀ ਉਸਾਰੀ ਲਈ ਜ਼ਮੀਨ ਲਈ ਹਰਿਆਣਾ ਸਰਕਾਰ ਦੇ ਪ੍ਰਸਤਾਵ ਨੂੰ ਰੱਦ ਕਰਨ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਐਮਐਚਏ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਇਸ ਮਾਮਲੇ 'ਤੇ ਚੰਡੀਗੜ੍ਹ ਪ੍ਰਸ਼ਾਸਨ 'ਤੇ ਹੋਰ ਦਬਾਅ ਨਾ ਪਾਉਣ ਦੀ ਸਲਾਹ ਦਿੱਤੀ ਹੈ।ਸੋਮਵਾਰ ਨੂੰ ਜਾਰੀ ਇੱਕ ਬਿਆਨ ਵਿੱਚ, ਆਰਕੀਟੈਕਟ ਗੋਇਲ ਨੇ ਕਿਹਾ ਕਿ ਐਮਐਚਏ ਦਾ ਰੁਖ਼ ਇੰਡੀਅਨ ਇੰਸਟੀਚਿਊਟ ਆਫ਼ ਆਰਕੀਟੈਕਟਸ,



ਚੰਡੀਗੜ੍ਹ ਚੈਪਟਰ ਦੇ ਲੰਬੇ ਸਮੇਂ ਤੋਂ ਚੱਲੇ ਆ ਰਹੇ ਰੁਖ਼ ਦੇ ਅਨੁਸਾਰ ਹੈ। ਉਨ੍ਹਾਂ ਯਾਦ ਦਿਵਾਇਆ ਕਿ ਜੂਨ 2022 ਵਿੱਚ, ਚੰਡੀਗੜ੍ਹ ਚੈਪਟਰ ਨੇ ਇੱਕ ਪ੍ਰੈਸ ਕਾਨਫਰੰਸ ਕੀਤੀ ਸੀ ਅਤੇ ਚੰਡੀਗੜ੍ਹ ਵਿੱਚ ਪ੍ਰਸਤਾਵਿਤ ਹਰਿਆਣਾ ਵਿਧਾਨ ਸਭਾ ਇਮਾਰਤ ਦਾ ਸਖ਼ਤ ਵਿਰੋਧ ਕੀਤਾ ਸੀ। ਪ੍ਰੈਸ ਕਾਨਫਰੰਸ ਵਿੱਚ ਸ਼ਾਮਲ ਆਰਕੀਟੈਕਟ ਗੋਇਲ ਨੇ ਕਿਹਾ ਕਿ ਪ੍ਰਸਤਾਵ ਦਾ ਵਿਰੋਧ ਕਰਨ ਵਾਲੇ ਪੱਤਰ ਕੇਂਦਰੀ ਗ੍ਰਹਿ ਮੰਤਰੀ, ਹਰਿਆਣਾ ਅਤੇ ਪੰਜਾਬ ਦੇ ਮੁੱਖ ਮੰਤਰੀਆਂ ਅਤੇ ਯੂ.ਟੀ ਪ੍ਰਸ਼ਾਸਕ ਨੂੰ ਭੇਜੇ ਗਏ ਹਨ, ਜਿਸ ਵਿੱਚ ਕਿਹਾ ਗਿਆ ਹੈ ਕਿ ਅਜਿਹੀ ਉਸਾਰੀ ਚੰਡੀਗੜ੍ਹ ਦੇ ਮਾਸਟਰ ਪਲਾਨ ਦੀ ਉਲੰਘਣਾ ਕਰੇਗੀ ਅਤੇ ਸ਼ਹਿਰ ਦੀ ਵਿਲੱਖਣ ਆਰਕੀਟੈਕਚਰਲ ਪਛਾਣ ਨੂੰ ਨੁਕਸਾਨ ਪਹੁੰਚਾਏਗੀ।

ਆਪਣੇ ਪਹਿਲਾਂ ਦੇ ਇਤਰਾਜ਼ਾਂ ਨੂੰ ਦੁਹਰਾਉਂਦੇ ਹੋਏ, ਆਰਕੀਟੈਕਟ ਗੋਇਲ ਨੇ ਕਿਹਾ ਕਿ ਚੰਡੀਗੜ੍ਹ ਦੇ ਕਿਸੇ ਵੀ ਹਿੱਸੇ ਵਿੱਚ ਇੱਕ ਵੱਖਰੀ ਵਿਧਾਨ ਸਭਾ ਇਮਾਰਤ ਦੀ ਉਸਾਰੀ ਲੀ ਕਾਬੁਰਜੀਏ ਦੀ ਮੂਲ ਸ਼ਹਿਰ ਯੋਜਨਾ ਅਤੇ ਸੋਧੇ ਹੋਏ ਮਾਸਟਰ ਪਲਾਨ ਨਾਲ ਸਿੱਧੇ ਟਕਰਾਅ ਵਿੱਚ ਹੋਵੇਗੀ। ਉਨ੍ਹਾਂ ਚੇਤਾਵਨੀ ਦਿੱਤੀ ਕਿ ਅਜਿਹਾ ਕਦਮ ਚੰਡੀਗੜ੍ਹ ਦੇ ਵਿਸ਼ਵ-ਪ੍ਰਵਾਨਿਤ ਸ਼ਹਿਰੀ ਯੋਜਨਾਬੰਦੀ ਸਿਧਾਂਤਾਂ ਦੀ ਅਖੰਡਤਾ ਨਾਲ ਗੰਭੀਰਤਾ ਨਾਲ ਸਮਝੌਤਾ ਕਰੇਗਾ।

ਉਨ੍ਹਾਂ ਨੇ ਪ੍ਰਸਤਾਵ ਨੂੰ ਰੱਦ ਕਰਨ ਦੇ ਗ੍ਰਹਿ ਮੰਤਰਾਲੇ ਦੇ ਸਮਝਦਾਰੀ ਵਾਲੇ ਫੈਸਲੇ 'ਤੇ ਸੰਤੁਸ਼ਟੀ ਪ੍ਰਗਟ ਕੀਤੀ, ਕਿਉਂਕਿ ਇਸਨੇ ਕਾਬੁਰਜੀਏ ਦੇ ਦ੍ਰਿਸ਼ਟੀਕੋਣ ਅਤੇ ਸ਼ਹਿਰ ਦੀ ਵਿਲੱਖਣ ਪਛਾਣ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕੀਤੀ ਹੈ

ਇਹ ਧਿਆਨ ਦੇਣ ਯੋਗ ਹੈ ਕਿ ਆਈ.ਆਈ.ਏ. ਇਸ ਗੰਭੀਰ ਉਲੰਘਣਾ ਬਾਰੇ ਆਪਣੀ ਆਵਾਜ਼ ਚੁੱਕਣ ਵਾਲਾ ਪਹਿਲਾ ਸੰਗਠਨ ਸੀ। ਵੱਖ-ਵੱਖ ਰਾਜਨੀਤਿਕ ਪਾਰਟੀਆਂ ਨੇ ਬਹੁਤ ਬਾਅਦ ਵਿੱਚ ਇਸ ਬਾਰੇ ਗੱਲ ਕੀਤੀ। ਹਾਲਾਂਕਿ, ਐਮਐਚਏ ਦਾ ਫੈਸਲਾ ਰਾਸ਼ਟਰੀ ਹਿੱਤ ਵਿੱਚ ਹੈ।

# ਮੀਡੀਆ ਕੌਂਸਲ ਆਫ਼ ਜਰਨਲਿਸਟਸ ਦੀ ਰਾਸ਼ਟਰੀ ਕਾਰਜਕਾਰੀ ਮੀਟਿੰਗ ਸ਼ਾਂਤੀ ਗੌਤਮ ਦੀ ਪ੍ਰਧਾਨਗੀ ਹੇਠ ਸੰਪੰਨ

## ● ਸ਼ਿਵ ਕੁਮਾਰ ਕੌਸ਼ਿਕ ਰਾਸ਼ਟਰੀ ਉਪ-ਪ੍ਰਧਾਨ ਚੁਣੇ ਗਏ ● ਅਗਲੀ ਮੀਟਿੰਗ 22 ਜਨਵਰੀ ਨੂੰ ਹਿਮਾਚਲ ਪ੍ਰਦੇਸ਼ ਵਿੱਚ

**ਹਰਿਦੁਆਰ, ਗੁਰਭਿੰਦਰ ਗੁਰੀ-** ਮੀਡੀਆ ਕੌਂਸਲ ਆਫ਼ ਜਰਨਲਿਸਟਸ ਦੀ ਰਾਸ਼ਟਰੀ ਕਾਰਜਕਾਰਨੀ ਦੀ ਦੋ ਦਿਨਾਂ ਮਹੱਤਵਪੂਰਨ ਮੀਟਿੰਗ ਹਰਿਦੁਆਰ ਦੇ ਭੂਪਟਵਾਲਾ ਪਵੰਧਮ ਵਿੱਚ ਰਾਸ਼ਟਰੀ ਉਪ-ਪ੍ਰਧਾਨ ਸ਼ਾਂਤੀ ਗੌਤਮ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ। ਮੀਟਿੰਗ ਦਾ ਸੰਚਾਲਨ ਅਤੇ ਪ੍ਰਧਾਨਗੀ ਕੌਮੀ ਜਨਰਲ ਸਕੱਤਰ ਪ੍ਰਦੀਪ ਸ਼ਰਮਾ ਨੇ ਕੀਤੀ।ਪ੍ਰਦੀਪ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਸ਼ਟਰੀ ਮੀਟਿੰਗ ਵਿੱਚ ਸ੍ਰੀ ਗੰਗਾ ਸਭਾ ਹਰਿਦੁਆਰ ਦੇ ਜਨਰਲ ਸਕੱਤਰ ਤਨਮੇ ਵਸ਼ਿਸ਼ਟ ਅਤੇ ਪਵਿੱਤਰ ਧਾਮ ਆਸ਼ਰਮ ਦੇ ਪ੍ਰਧਾਨ ਅਤੇ ਡਾਇਰੈਕਟਰ ਪੰਡਿਤ ਅੰਸ਼ੁਲ ਸ਼੍ਰੀਕੁੰਜ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਮੀਟਿੰਗ ਦੌਰਾਨ ਰਾਜਸਥਾਨ ਦੇ ਭੀਲਵਾੜਾ ਤੋਂ ਸੀਨੀਅਰ ਪੱਤਰਕਾਰ ਸ਼ਿਵ ਕੁਮਾਰ ਕੌਸ਼ਿਕ ਨੂੰ ਸਰਬਸੰਮਤੀ ਨਾਲ ਮੀਡੀਆ ਕੌਂਸਲ ਆਫ਼ ਜਰਨਲਿਸਟਸ ਦਾ ਰਾਸ਼ਟਰੀ



ਉਪ-ਪ੍ਰਧਾਨ ਚੁਣਿਆ ਗਿਆ।ਮੀਟਿੰਗ ਵਿੱਚ ਪੱਤਰਕਾਰਾਂ ਦੀ ਸੁਰੱਖਿਆ, ਪੱਤਰਕਾਰ ਸੁਰੱਖਿਆ ਐਕਟ, ਪੱਤਰਕਾਰ ਵੈਲਫੇਅਰ ਅਤੇ ਕਈ ਹੋਰ ਮਹੱਤਵਪੂਰਨ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਚਰਚਾ ਬਾਅਦ ਇੱਕ ਵਿਸਥਾਰਪੂਰਣ ਮੰਗ ਪੱਤਰ ਤਿਆਰ ਕੀਤਾ ਗਿਆ, ਜਿਹਨੂੰ ਜਲਦ ਹੀ ਭਾਰਤ ਸਰਕਾਰ ਨੂੰ ਭੇਜਿਆ ਜਾਵੇਗਾ।ਰਾਸ਼ਟਰੀ ਖਜ਼ਾਨਚੀ ਘਨਸ਼ਿਆਮ ਐੱਸ. ਬਾਗੀ ਨੇ ਸਾਰੇ ਸਹਿਯੋਗੀਆਂ, ਮਹਿਮਾਨਾਂ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ।ਰਾਸ਼ਟਰੀ ਕਾਰਜਕਾਰੀ ਕਮੇਟੀ ਦੇ ਮੈਂਬਰ:ਪ੍ਰਦੀਪ ਸ਼ਰਮਾ, ਸੁਸ਼ੀਲ ਸ਼ਰਮਾ, ਮਨੋਜ ਸ਼ਰਮਾ, ਜੀ. ਕੇ. ਸ਼ਰਮਾ, ਰਾਜਕੁਮਾਰ ਸ਼ਰਮਾ, ਵਰਿੰਦਰ ਪ੍ਰਸਾਦ ਸੈਨੀ, ਗੌਤਮ (ਦਿੱਲੀ), ਨਵੀਨ ਬਾਂਸਲ (ਹਿਮਾਚਲ ਪ੍ਰਦੇਸ਼), ਘਨਸ਼ਿਆਮ ਐੱਸ. ਬਾਗੀ (ਹਰਿਆਣਾ), ਸ਼ਿਵ ਕੁਮਾਰ ਕੌਸ਼ਿਕ (ਰਾਜਸਥਾਨ), ਆਨੰਦ ਜੋਸ਼ੀ, ਮਹਿੰਦਰ ਸ਼ਰਮਾ (ਮੱਧ ਪ੍ਰਦੇਸ਼), ਅਮਿਤ ਗੁਪਤਾ (ਉੱਤਰਾਖੰਡ), ਸੁਸ਼ੀਲ ਕੁਮਾਰ, ਕਵਿਤਾ ਸ਼ਰਮਾ ਅਤੇ ਪੀਹੂ ਗੋਸਵਾਮੀ।ਮੀਟਿੰਗ ਵਿੱਚ ਦੇਸ਼ ਭਰ ਤੋਂ ਪੱਤਰਕਾਰਾਂ ਨੇ ਹਿਸ੍ਸ਼ਾ ਲਿਆ।ਅਗਲੀ ਰਾਸ਼ਟਰੀ ਮੀਟਿੰਗ 22 ਜਨਵਰੀ (ਹਿਮਾਚਲ ਪ੍ਰਦੇਸ਼) ਵਿੱਚ ਆਯੋਜਿਤ ਕੀਤੀ ਜਾਵੇਗੀ।

# ਵਿਧਾਇਕ ਸੰਗੋਵਾਲ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਅਵਨੀਤ ਕੌਰ ਜਰਖੜ ਅਤੇ ਸਿਕੰਦਰ ਸਿੰਘ ਦੇ ਹੱਕ ਵਿੱਚ ਵੱਖ-ਵੱਖ ਪਿੰਡਾਂ 'ਚ ਮੀਟਿੰਗਾਂ

## ਜੱਸੜ, ਹਰਨਾਮਪੁਰਾ, ਸੀਲੋਂ ਖੁਰਦ, ਸਾਇਆਂ ਕਲਾਂ, ਖੇੜੀ ਸਮੇਤ ਦਰਜਨਾਂ ਪਿੰਡਾਂ ਦਾ ਤੂਫਾਨੀ ਦੌਰਾ





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਜੋ 14 ਦਸੰਬਰ 2025 ਨੂੰ ਹੋ ਰਹੀਆਂ ਹਨ ਦੇ ਮੱਦੇ ਨਜ਼ਰ ਹਲਕਾ ਗਿੱਲ ਦੇ ਜ਼ਿਲ੍ਹਾ ਪ੍ਰੀਸ਼ਦ ਆਲਮਗੀਰ ਜੋਨ ਤੋਂ ਚੋਣ ਲੜ ਰਹੇ ਉੱਘੇ ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਦੀ ਨੂੰਹ ਰਾਣੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਵਨੀਤ ਕੌਰ ਜਰਖੜ (ਪਤਨੀ ਸੰਦੀਪ ਸਿੰਘ ਸਰਪੰਚ ਜਰਖੜ ) ਅਤੇ ਕਿਲ੍ਹਾ ਰਾਇਪੁਰ ਜੋਨ ਤੋਂ ਸਿਕੰਦਰ ਸਿੰਘ ਅਤੇ ਹੋਰ ਬਲਾਕ ਸੰਮਤੀਆਂ ਦੇ ਉਮੀਦਵਾਰਾਂ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਭਰਵਾਂ ਹੁੰਗਾਰਾ ਮਿਲਿਆ ਜਦੋਂ ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਪਿੰਡ ਹਰਨਾਮਪੁਰਾ, ਪਿੰਡ ਜੱਸੜ ਉਮੇਦਪੁਰ, ਸੀਲੋਂ ਖੁਰਦ, ਗੁਰਮ ਬੂਲ, ਦੁਲੇਅ, ਸਾਇਆ ਕਲਾਂ, ਸਾਇਆ ਖੁਰਦ , ਖੇੜੀ ਆਦਿ ਪਿੰਡਾਂ ਵਿੱਚ ਵਿਸ਼ਾਲ ਮੀਟਿੰਗਾਂ ਕਰਕੇ ਪਿੰਡਾਂ ਦੀਆਂ ਪੰਚਾਇਤਾਂ ਅਤੇ ਵੋਟਰਾਂ ਨੂੰ ਉਮੀਦਵਾਰ ਅਵਨੀਤ ਕੌਰ ਜਰਖੜ , ਸਿਕੰਦਰ ਸਿੰਘ ਕਿਲ੍ਹਾ ਰਾਇਪੁਰ ਅਤੇ ਰਾਜਨੀਤਿਕ ਮੈਦਾਨ ਵਿੱਚ ਨਿਤਰੇ ਬਲਾਕ ਸੰਮਤੀ ਉਮੀਦਵਾਰਾਂ ਨੂੰ ਜਿਤਾਉਣ ਲਈ ਅਪੀਲ ਕੀਤੀ। ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੀਆਂ ਉਸਾਰੂ ਵਿਕਾਸ ਨੀਤੀਆਂ ਬਾਰੇ ਬੋਲਦੇ ਆਖਿਆ ਕਿ ਜ਼ਿਲਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਤੋਂ ਬਾਅਦ ਪੰਜਾਬ ਦੇ ਵਿੱਚ ਇੱਕ ਵਿਕਾਸ ਦੀ ਲਹਿਰ ਸ਼ੁਰੂ ਹੋਵੇਗੀ। ਸਾਰੇ ਪਿੰਡਾਂ ਵਿੱਚ ਜੰਗੀ ਪੱਧਰ ਤੇ ਵਿਕਾਸ ਹੋਵੇਗਾ। ਉਹਨਾਂ ਆਖਿਆ ਅਸੀਂ 2027 ਵਿੱਚ ਵੋਟਾਂ ਤਾਂ ਮੰਗਾਂਗੇ ਜੇਕਰ ਹਰ ਪਿੰਡ ਦਾ ਮੁਕੰਮਲ ਵਿਕਾਸ ਹੋਵੇਗਾ ਅਤੇ ਲੋਕ ਖੁਦ ਕਹਿਣਗੇ ਕਿ ਸਾਡੀ ਵੋਟ ਆਮ ਆਦਮੀ ਪਾਰਟੀ ਨੂੰ ਹੈ। ਉਹਨਾਂ ਆਖਿਆ ਹਲਕਾ ਗਿੱਲ ਦੇ ਵਿੱਚ ਪੈਂਦੀਆਂ 6 ਪ੍ਰੀਸ਼ਦ ਅਤੇ ਸਾਰੀਆਂ ਬਲਾਕ ਸੰਮਤੀਆਂ ਦੇ ਉਮੀਦਵਾਰ ਇਹਨਾਂ ਚੋਣਾਂ ਵਿੱਚ ਵੱਡੀ ਜਿੱਤ ਹਾਸਿਲ ਕਰਨਗੇ। ਇਸ ਮੌਕੇ ਵੱਖ-ਵੱਖ ਮੀਟਿੰਗਾਂ ਨੂੰ ਉਮੀਦਵਾਰ ਅਵਨੀਤ ਕੌਰ ਜਰਖੜ , ਸਿਕੰਦਰ ਸਿੰਘ ਅਤੇ ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਨੇ ਵੀ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਸਰਪੰਚ ਰਮਤੇਜ ਸਿੰਘ ਜੱਸੜ, ਸਰਪੰਚ ਦਲਜੀਤ ਸਿੰਘ ਹਰਨਾਮਪੁਰਾ, ਸਰਪੰਚ ਕੁਲਦੀਪ ਸਿੰਘ ਸੀਲੋ ਖੁਰਦ, ਸਰਬਪ੍ਰੀਤ ਸਿੰਘ ਹਰਨਾਮ ਪੂਰਾ, ਸਰਪੰਚ ਵਿੱਕੀ ਦੁਲੇਅ, ਗੁਰਜੀਤ ਸਿੰਘ ਦੁਲੇਅ, ਸਰਪੰਚ ਹਰਤੇਜ ਸਿੰਘ ਸੀਲੋ ਕਲਾਂ, ਸਰਪੰਚ ਅਮਨਦੀਪ ਸਿੰਘ ਬੂਲ, ਸਰਪੰਚ ਰਘਵਿੰਦਰ ਸਿੰਘ ਸਾਇਆਂ ਕਲਾਂ, ਸੋਮਾ ਖੇੜੀ, ਹਰਦੀਪ ਸਿੰਘ ਖੇੜੀ, ਬਲਰਾਜ ਸਿੰਘ ਸੋਨੂ ਗਿੱਲ, ਸਰਪੰਚ ਆਤਮਾ ਸਿੰਘ ਠੱਕਰਵਾਲ, ਸਰਪੰਚ ਸੰਦੀਪ ਸਿੰਘ ਜਰਖੜ, ਸਾਹਿਬਜੀਤ ਸਿੰਘ ਸਾਬੀ ਬਲਾਕ ਸੰਮਤੀ ਮੈਂਬਰ ਜਰਖੜ, ਗੁਰਜੀਤ ਸਿੰਘ ਦੁਲੇਅ ਉਮੀਦਵਾਰ ਆਲਮਗੀਰ, ਕੁਲਵਿੰਦਰ ਸਿੰਘ ਕਿੰਦਾ ਬਲਾਕ ਸੰਮਤੀ ਠੱਕਰਵਾਲ, ਸੁਰਿੰਦਰ ਕੌਰ ਉਮੀਦਵਾਰ ਬਲਾਕ ਸੰਮਤੀ ਜੱਸੋਵਾਲ, ਜਸਪਾਲ ਕੌਰ ਉਮੀਦਵਾਰ ਬਲਾਕ ਸੰਮਤੀ ਖਾਨਪੁਰ, ਮਹਿੰਦਰ ਕੌਰ ਪੱਦੀ ਉਮੀਦਵਾਰ ਬਲਾਕ ਸੰਮਤੀ ਜੱਸੜ, ਸਵਰਨ ਸਿੰਘ ਘਵੱਦੀ ਉਮੀਦਵਾਰ ਬਲਾਕ ਸੰਮਤੀ ਭੁੱਟਾ, ਜਸਵਿੰਦਰ ਸਿੰਘ ਜੱਸੀ ਪੀਏ, ਰਵੀ ਝਮਟ ਆਦਿ ਹੋਰ ਇਲਾਕੇ ਦੇ ਪੰਚ ਸਰਪੰਚ ਅਤੇ ਆਮ ਆਦਮੀ ਪਾਰਟੀ ਤੇ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਹਲਕਾ ਇੰਚਾਰਜ ਸਮਿਤ ਸਿੰਘ ਮਾਨ ਵੱਲੋਂ ਆਪਣੀ ਟੀਮ ਸਮੇਤ ਕਾਂਗਰਸੀ ਉਮੀਦਵਾਰਾਂ ਦੇ ਹੱਕ ਚ ਚੋਣ ਪ੍ਰਚਾਰ ਕੀਤਾ

## (ਜ਼ਿਲ੍ਹਾ ਪ੍ਰੀਸ਼ਦ ਤੇ ਸੰਮਤੀ ਚੋਣਾਂ ਵਿੱਚ ਕਾਂਗਰਸੀ ਉਮੀਦਵਾਰ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ : ਸਮਿਤ ਸਿੰਘ ਮਾਨ)

**ਅਮਰਗੜ੍ਹ-(ਕੁਲਵੰਤ ਸਿੰਘ ਮੁਹਾਲੀ)** ਹਲਕਾ ਅਮਰਗੜ੍ਹ ਦੇ ਪਿੰਡਾਂ ਵਿੱਚ ਸਮਿਤ ਸਿੰਘ ਮਾਨ ਹਲਕਾ ਇੰਚਾਰਜ ਅਤੇ ਬੁਲਾਰਾ ਆਲ ਇੰਡੀਆ ਕਾਂਗਰਸ ਵਲੋਂ ਆਪਣੀ ਟੀਮ ਸਮੇਤ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣ ਲੜਨ ਵਾਲੇ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ ਗਿਆ।ਇਸ ਮੌਕੇ ਉਨ੍ਹਾਂ ਵਲੋਂ ਜ਼ਿਲ੍ਹਾ ਪ੍ਰੀਸ਼ਦ ਜ਼ੋਨ ਕੰਗਣਵਾਲ ਤੋਂ ਪਾਰਟੀ ਉਮੀਦਵਾਰ ਸ੍ਰੀਮਤੀ ਬਲਬੀਰ ਕੋਰ ਪਤਨੀ ਬਿੱਕਰ ਸਿੰਘ ਸਾਬਕਾ ਸਰਪੰਚ, ਬਲਾਕ ਸੰਮਤੀ ਜ਼ੋਨ ਜੰਡਾਲੀ ਕਲਾਂ ਤੋਂ ਪਾਰਟੀ ਉਮੀਦਵਾਰ ਕਮਲਪ੍ਰੀਤ ਕੋਰ, ਦਹਿਲਿਜ਼ ਕਲਾਂ ਜ਼ੋਨ ਤੋਂ ਉਮੀਦਵਾਰ ਰਵਿੰਦਰ ਸਿੰਘ ਮਹੇਰਨਾ, ਮਤੋਈ ਜ਼ੋਨ ਤੋਂ ਉਮੀਦਵਾਰ ਬੀਬੀ ਫਿਰੋਜ਼ਾ ਪਤਨੀ



ਇਲਮਦੀਨ ਰੋੜੀਵਾਲ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦਿਆਂ ਇਨ੍ਹਾਂ ਉਮੀਦਵਾਰਾਂ ਲਈ ਵੋਟਾਂ ਦੀ ਮੰਗ ਕੀਤੀ।ਇਸ ਮੌਕੇ ਬਲਾਕ ਪ੍ਰਧਾਨ ਰੁਪਿੰਦਰ ਸਿੰਘ ਪਿੰਦੂ ਸਰਪੰਚ, ਹਰਿੰਦਰਪਾਲ ਸਿੰਘ ਬਿੱਲਾ ਸਾਬਕਾ ਸਰਪੰਚ, ਜਗਦੇਵ ਸਿੰਘ ਸਾਬਕਾ ਸਰਪੰਚ ਅਕਬਰਪੁਰ ਛੰਨਾ, ਸਗੀਰ ਖਾਨ ਸਰਪੰਚ, ਇਲਮਦੀਨ ਰੋੜੀਵਾਲ, ਕਰਮਜੀਤ ਸਿੰਘ ਮਤੋਈ, ਜਸਵਿੰਦਰ ਸਿੰਘ ਚੀਮਾ, ਕਮਲ ਕੰਗਣਵਾਲ, ਜੰਗਦੀਨ ਬੇਗੋਵਾਲ ਸਮੇਤ ਵੱਡੀ ਗਿਣਤੀ ਕਾਂਗਰਸੀ ਆਗੂ ਅਤੇ ਅਹੁਦੇਦਾਰ ਉਨ੍ਹਾਂ ਦੀ ਟੀਮ ਵਿੱਚ ਉਨ੍ਹਾਂ ਦੇ ਨਾਲ ਪ੍ਰਚਾਰ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਲੋਕਾਂ ਦਾ ਮੋਹ ਮੌਜੂਦਾ ਸਰਕਾਰ ਤੋਂ ਭੰਗ ਹੋ ਚੁੱਕਿਆ ਹੈ ਜਿਸ ਦਾ ਬਦਲਾ ਇਨ੍ਹਾਂ ਚੋਣਾਂ ਵਿੱਚ ਸਰਕਾਰ ਵਿਰੁੱਧ ਵੋਟਾਂ ਪਾਕੇ ਸਰਕਾਰ ਕੋਲੋਂ ਲੈਣ ਲਈ ਵੋਟਰ ਬਹੁਤ ਉਤਾਵਲੇ ਦਿਖਾਈ ਦੇ ਰਹੇ ਹਨ।

# ਗੁਲਾਬਗੜ੍ਹ ਰੋਡ ਤੇ ਮੰਡੀ ਪ੍ਰਬੰਧਕਾਂ ਵੱਲੋਂ ਛਾਂਦਾਰ ਬੂਟੇ ਪੁੱਟਣ ਨਾਲ ਸਥਾਨਕ ਲੋਕਾਂ ਵਿੱਚ ਰੋਸ਼

**ਡੇਰਾਬੱਸੀ (ਸੰਜੀਵ ਸਿੰਘ ਸੈਣੀ)** ਗੁਲਾਬਗੜ੍ਹ ਰੋਡ ਸਥਿਤ ਧਾਰਮਿਕ ਅਸਥਾਨ ਦੇ ਨੇੜੇ ਲੱਗਣ ਵਾਲੀ ਸੋਮਵਾਰ ਮੰਡੀ ਦੇ ਠੇਕੇਦਾਰਾਂ ਵੱਲੋਂ ਸਰਕਾਰੀ ਟਿਊਬਵੈੱਲ ਦੇ ਕੋਲ ਲਗਾਏ ਗਏ ਛਾਂਦਾਰ ਬੂਟੇ ਪੁੱਟੇ ਜਾਣ ਦਾ ਗੰਭੀਰ ਮਾਮਲਾ ਸਾਹਮਣੇ ਆਇਆ ਹੈ। ਦੋ ਸਾਲਾਂ ਦੀ ਮਿਹਨਤ ਨਾਲ ਵੱਡੇ ਇਹ ਬੂਟੇ ਸਿਰਫ਼ ਇਸ ਲਈ ਖ਼ਤਮ ਕਰ ਦਿੱਤੇ ਗਏ ਤਾਂ ਕਿ ਉਸ ਸਥਾਨ 'ਤੇ ਫੜ ਲਗਾਈ ਜਾ ਸਕੇ। ਇਸ ਘਟਨਾ ਕਾਰਨ ਸਥਾਨਕ ਵਾਸੀਆਂ ਵਿੱਚ ਭਾਰੀ ਰੋਸ਼ ਪੈਦਾ ਕਰ ਦਿੱਤਾ ਹੈ। ਸਰਕਾਰੀ ਟਿਊਬਵੈਲ ਦੇ ਕੋਲੋਂ ਬੂਟੇ ਪੁੱਟਣ ਦੇ ਦੋਸ਼ ਵਿੱਚ ਉਹਨਾਂ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਵਸਨੀਕਾਂ ਦਾ ਕਹਿਣਾ ਹੈ ਕਿ ਪਹਿਲਾਂ ਹੀ ਪ੍ਰਦੂਸ਼ਣ ਨਾਲ ਜੂਝ ਰਹੇ ਡੇਰਾਬੱਸੀ ਵਿੱਚ ਹਰੇ-ਭਰੇ ਰੁੱਖ ਬਚਾਉਣਾ ਬਹੁਤ ਵੱਡੀ ਚੁਣੌਤੀ ਬਣ ਚੁੱਕਾ ਹੈ। ਅਜਿਹੇ ਸਮੇਂ ਵਿੱਚ ਮੰਡੀ ਪ੍ਰਬੰਧਕਾਂ ਵੱਲੋਂ ਬੂਟੇ ਉਖਾੜ ਕੇ ਨਾ ਸਿਰਫ ਵਾਤਾਵਰਨ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ, ਬਲਕਿ ਸਥਾਨਕ ਲੋਕਾਂ ਦੇ ਭਾਵਨਾਵਾਂ ਨੂੰ ਵੀ ਠੇਸ ਪਹੁੰਚਾਈ ਗਈ ਹੈ। ਗੁਲਾਬਗੜ੍ਹ ਰੋਡ ਦੀ ਗਲੀ ਨੰਬਰ 11 ਅਤੇ 12 ਦੇ ਲੋਕਾਂ ਨੇ ਦੋਸ਼ ਲਗਾਇਆ ਕਿ ਮੰਡੀ ਕਾਰਨ ਪੈਦਾ ਹੋਣ ਵਾਲਾ ਕੂੜਾ-ਕਰਕਟ ਨੂੰ ਇੱਥੇ ਅੱਗ ਲਗਾ ਕੇ ਪਹਿਲਾਂ ਹੀ ਉਨ੍ਹਾਂ ਦੀ ਜ਼ਿੰਦਗੀ ਮੁਸ਼ਕਲ ਵਿਚ ਪਾਈ ਹੋਈ ਹੈ। ਉੱਪਰੋਂ ਹਰੇ ਬੂਟੇ ਉਖਾੜ ਕੇ ਵੱਡਾ ਅਪਰਾਧ ਕੀਤਾ ਹੈ। ਵਸਨੀਕ



ਰਜਿੰਦਰ ਸਿੰਘ, ਬਲਵੀਰ ਸਿੰਘ, ਨਾਥ ਸਿੰਘ, ਕੁਲਦੀਪ ਸਿੰਘ, ਅਵਨੀਤ ਸਿੰਘ, ਸੁਰਿੰਦਰ ਸਿੰਘ, ਬਲਪਿੰਦਰ ਕੌਰ ਆਦਿ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਬੂਟੇ ਪੁੱਟਣ ਵਾਲੇ ਮੰਡੀ ਠੇਕੇਦਾਰਾਂ ਖ਼ਿਲਾਫ ਸਖ਼ਤ ਕਾਰਵਾਈ ਕੀਤੀ ਜਾਵੇ। ਲੋਕਾਂ ਨੇ ਕਿਹਾ ਕਿ ਇੱਕ ਬੂਟੇ ਨੂੰ ਵੱਡਾ ਹੋਣ ਲਈ ਦੋ ਤੋਂ ਤਿੰਨ ਸਾਲ ਲੱਗਦੇ ਹਨ, ਜਦਕਿ ਅਵਾਰਾ ਜਾਨਵਰਾਂ ਤੋਂ ਬਚਾ




**ਗੁਲਾਬਗੜ੍ਹ ਰੋਡ ਦੇ ਟਿਊਬਵੈੱਲ ਨੇੜੇ ਇੱਕ ਬੱਚੇ ਵੱਲੋਂ ਦੋ ਸਾਲ ਪਹਿਲਾਂ ਲਗਾਏ ਜਾਣ ਦੀ ਤਸਵੀਰ, ਜਿਸ ਨੂੰ ਮੰਡੀ ਪ੍ਰਬੰਧਕਾਂ ਵੱਲੋਂ ਪੁੱਟ ਦਿੱਤਾ ਗਿਆ।**

ਕੇ ਉਸਨੂੰ ਜਿਉਂਦਾ ਰੱਖਣਾ ਪਹਿਲਾਂ ਹੀ ਬਹੁਤ ਮੁਸ਼ਕਲ ਹੁੰਦਾ ਹੈ। ਉਧਰ, ਧਾਰਮਿਕ ਸੰਸਥਾ ਦੇ ਪ੍ਰਬੰਧਕਾਂ ਨੇ ਕਿਹਾ ਹੈ ਕਿ ਉਹਨਾਂ ਨੂੰ ਇਸ ਘਟਨਾ ਬਾਰੇ ਕੋਈ ਜਾਣਕਾਰੀ ਨਹੀਂ ਸੀ। ਜੇਕਰ ਮੰਡੀ ਠੇਕੇਦਾਰਾਂ ਵੱਲੋਂ ਇਹ ਘਿਨੋਣਾ ਕਿਰਤ ਕੀਤਾ ਗਿਆ ਹੈ ਤਾਂ ਸੰਸਥਾ ਇਸ ਸਬੰਧੀ ਕਾਰਵਾਈ ਕਰਵਾਏਗੀ ਅਤੇ ਜਲਦ ਹੀ ਹੋਰ ਬੂਟੇ ਲਗਾ ਕੇ ਇਸ ਘਾਟੇ ਨੂੰ ਪੂਰਾ ਕਰਨ ਦਾ ਯਤਨ ਕੀਤਾ ਜਾਵੇਗਾ।

# ਸ੍ਰੀ ਭਗਵਾਨ ਸਿੰਘ ਚੌਹਾਨ ਬਹੁਜਨ ਸਮਾਜ ਨੂੰ ਲਾਇਕ ਬਣਾਉਂਦੇ ਬਣਾਉਂਦੇ ਅਤੇ ਸੁੱਤੇ ਹੋਏ ਸਮਾਜ ਨੂੰ ਜਗਾਉਂਦੇ ਹੋਏ ਆਪ ਸਦਾ ਦੀ ਨੀਂਦ ਸੌਂ ਗਏ

**ਬੰਗਾ (ਚਰਨਜੀਤ ਸੱਲ੍ਹਾਂ )** ਬਹੁਤ ਦੁੱਖ ਮਹਿਸੂਸ ਹੋਇਆ ਜਦੋਂ ਪਤਾ ਲੱਗਾ ਕਿ ਭਗਵਾਨ ਸਿੰਘ ਚੌਹਾਨ ਜੀ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ ਹਨ, ਭਗਵਾਨ ਸਿੰਘ ਚੌਹਾਨ ਜੀ ਬਹੁਜਨ ਸਮਾਜ ਦੇ ਚਿੰਤਕ ਬਹੁਜਨ ਸਮਾਜ ਪਾਰਟੀ (ਹਾਥੀ) ਦੇ ਜੁਝਾਰੂ ਸਾਥੀ ਜੋ ਕਿ ਸਾਹਿਬ ਕਾਸ਼ੀ ਰਾਮ ਜੀ ਦੇ ਨਾਲ ਵੀ ਰਹੇ ਅਤੇ ਅੱਜ ਤੱਕ ਵੀ ਉਹਨਾਂ ਦੀ ਸੋਚ ਉਹਨਾਂ ਦੀ ਪਾਰਟੀ ਵਿੱਚ ਵੱਖ ਵੱਖ ਅਹੁਦਿਆਂ ਤੇ ਰਹਿੰਦਿਆਂ ਬਹੁਜਨ ਸਮਾਜ ਲਈ ਕੰਮ ਕੀਤਾ, ਉਹਨਾਂ ਕੋਲ ਗਿਆਨ ਦਾ ਭੰਡਾਰ ਸੀ ਜੋ ਹਰ ਇੱਕ ਨੂੰ ਅੱਗੇ ਲੈ ਕੇ ਜਾ ਸਕਦਾ ਸੀ ਵਿਕਾਸਮਈ ਜੀਵਨ ਲਈ, ਉਹਨਾਂ ਦਾ ਇਵੇਂ ਅਚਨਚੇਤ ਚਲੇ ਜਾਣਾ ਪਰਿਵਾਰ ਦੇ ਨਾਲ ਨਾਲ ਸਮਾਜ ਨੂੰ ਵੀ ਨਾ ਪੂਰਾ ਹੋਣ ਵਾਲਾ ਘਾਟਾ ਹੈ, ਜਿਥੇ ਉਨ੍ਹਾਂ



ਦਾ ਪਰਿਵਾਰ ਨੂੰ ਘਾਟਾ ਪਿਆ ਹੈ ਉਥੇ ਨਾਲ ਹੀ ਬਹੁਜਨ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਉਹ ਗੁਰਬਾਣੀ ਦੇ ਅਰਥਾਂ ਦੇ ਬਹੁਤ ਜਾਣਕਾਰ ਸਨ। ਉਹ ਜਦੋਂ ਵੀ ਕਦੇ ਬੋਲਦੇ ਸਨ ਗੁਰਬਾਣੀ ਵਿੱਚੋਂ ਪੰਕਤੀਆਂ ਲੈ ਕੇ ਬੋਲਦੇ ਸਨ ਉਨ੍ਹਾਂ ਨੂੰ ਸੁਣਨੇ ਨੂੰ ਬਹੁਤ ਮੰਨ ਕਰਦਾ ਸੀ ਉਹ ਬੋਰ ਨਹੀਂ ਹੋਣ ਦਿੰਦੇ ਸਨ। ਉਹ ਹਰੇਕ ਵਰਕਰ ਨੂੰ ਹੌਸਲਾ ਦਿੰਦੇ ਸਨ ਅਤੇ ਬਹੁਜਨ ਸਮਾਜ ਨੂੰ ਜਾਗ੍ਰਿਤ ਕਰਕੇ ਲਾਇਕ ਬਣਾਉਂਦੇ ਸਨ ਉਨ੍ਹਾਂ ਨੇ ਇਹ ਤੱਕਿਆ ਹੋਇਆ ਸੀ ਕਿ ਜਦੋ ਤੱਕ ਮੇਰੇ ਸਾਹਾਂ ਵਿੱਚ ਸਾਹ ਹੈ ਮੈਂ ਸੁੱਤੇ ਲੋਕਾਂ ਨੂੰ ਜਗਾਉਣ ਲਈ ਲਾਵਾਂਗਾ। ਉਨ੍ਹਾਂ ਨੇ ਬਹੁਜਨ ਸਮਾਜ ਪਾਰਟੀ ਵਿੱਚ ਰਹਿਕੇ ਬਹੁਜਨ ਸਮਾਜ ਦੀ ਬਹੁਤ ਸੇਵਾ ਕੀਤੀ ਅਤੇ ਸਮਾਜ ਨੂੰ ਸਿੱਧੇ ਰਾਸਤੇ ਪਾਇਆ। ਆਪਣੇ ਸਰੀਰ ਤੇ ਲੱਖਾਂ ਦੁੱਖ ਤਕਲੀਫਾਂ ਝੱਲੀਆ ਪਰ ਸਮਾਜ ਨੂੰ ਕਦੇ ਪਿੱਠ ਨਹੀਂ ਦਿਖਾਈ। ਅਸੀਂ ਵੀ ਉਹਨਾਂ ਨਾਲ ਪ੍ਰੋਗਰਾਮਾਂ ਚ ਮੀਟਿੰਗਾਂ ਚ ਮਿਲਦੇ ਸੀ ਸਾਡੇ ਸਤਿਕਾਰਯੋਗ ਨੇ ਜਦੋਂ ਵੀ ਮਿਲੇ ਉਹਨਾਂ ਹਮੇਸ਼ਾ ਹੌਸਲਾ ਅਤੇ ਅਸ਼ੀਰਵਾਦ ਦਿੱਤਾ॥ ਉਹਨਾਂ ਨੂੰ ਅਸੀਂ ਭੁੱਲ ਨਹੀਂ ਸਕਦੇ ਅਸੀਂ ਉਨ੍ਹਾਂ ਦਾ ਇਹ ਸਤਿਕਾਰ ਹਮੇਸ਼ਾ ਦਿਲਾਂ ਚ ਜਿਊਂਦਾ ਰੱਖਾਂਗੇ॥

ਸਾਡੇ ਵੱਲੋਂ ਨੀਲਾ ਸਲਾਮ ਸ੍ਰੀ ਭਗਵਾਨ ਸਿੰਘ ਚੌਹਾਨ ਜੀ ਨੂੰ॥

ਜੈ ਭੀਮ ਜੈ ਭਾਰਤ ਜੀ...

# ਅਗਲੇ ਸਾਲ ਦਾ ਵਾਅਦਾ ਕਰਕੇ "ਦਾ ਸਨ ਡੇ ਬੋਰਡਿੰਗ ਪਬਲਿਕ ਸਕੂਲ ਸ਼ਾਮ ਚੁਰਾਸੀ" ਦਾ ਸਲਾਨਾ ਇਨਾਮ ਵੰਡ ਸਮਾਰੋਹ ਹੋਇਆ ਸਮਾਪਤ

**ਹੁਸ਼ਿਆਰਪੁਰ / ਸ਼ਾਮ ਚੁਰਾਸੀ, ( ਤਰਸੇਮ ਦੀਵਾਨਾ ) –** "ਦਾ ਸਨ ਡੇ ਬੋਰਡਿੰਗ ਪਬਲਿਕ ਸਕੂਲ ਸ਼ਾਮ ਚੁਰਾਸੀ' ਵਿਚ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ ਙ ਜਿਸ ਵਿੱਚ ਬੱਚਿਆਂ ਵੱਲੋਂ ਧਾਰਮਿਕ ਗੀਤ, ਕਵਿਤਾਵਾਂ, ਨਾਟਕ ਅਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ । ਇਸ ਸਮਾਰੋਹ ਵਿੱਚ ਬੱਚਿਆਂ ਨੂੰ ਵਿੱਦਿਅਕ ਯੋਗਤਾ ਅਤੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਹਿੱਸਾ ਲੈਣ ਤੇ ਸਨਮਾਨਿਤ ਕੀਤਾ ਗਿਆ ।




ਇਸ ਦੌਰਾਨ ਸਕੂਲ ਦੇ ਬੱਚਿਆਂ ਵੱਲੋਂ ਨਸ਼ਿਆਂ ਵਿਰੁੱਧ ਪ੍ਰੋਗਰਾਮ ਜਰੀਏ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਦੇਸ਼ ਭਗਤੀ ਦੇ ਗੀਤ ਪੇਸ਼ ਕਰਕੇ ਮੰਚ ਨੂੰ ਮਨਮੋਹਿਤ ਬਣਾਇਆ ਗਿਆ ਙ ਸਮਾਗਮ ਵਿੱਚ ਆਏ ਹੋਏ ਮਹਿਮਾਨਾਂ ਨੂੰ ਸਕੂਲ ਕੇ ਪ੍ਰਬੰਧਕਾਂ ਵਲੋਂ ਸਨਮਾਨਿਤ ਕੀਤਾ ਗਿਆ ਙ ਇਸ ਸਮਾਰੋਹ ਵਿੱਚ ਪ੍ਰਿੰਸੀਪਲ ਧਰਮ ਪਾਲ, (ਏ.ਐੱਸ.ਆਈ ) ਗੁਰਹਰਜੀਤ ਸਿੰਘ ਬੈਂਸ, ਨਰਿੰਦਰ ਪਾਲ ਬੱਧਣ, ਨਿਰਮਲ ਕੁਮਾਰ ਬੱਧਣ, ਡਾ: ਓਪਿੰਦਰ ਕੁਮਾਰ ਬੱਧਣ, ਪ੍ਰੋ ਅਮਨਦੀਪ ਕੌਰ, ਮਾਸਟਰ ਤੀਰਥ ਰਾਮ ਅਤੇ ਹੋਰ ਵੀ ਕਈ ਮਾਣਯੋਗ ਸ਼ਖਸ਼ੀਅਤਾਂ ਸ਼ਾਮਿਲ ਹੋਈਆਂ। ਇਸ ਅਵਸਰ ਤੇ ਪ੍ਰਿੰਸੀਪਲ ਧਰਮ ਪਾਲ, ਵਾਇਸ ਪ੍ਰਿੰਸੀਪਲ ਕਿਰਨਦੀਪ ਕੌਰ, ਬਲਦੀਪ ਕੌਰ, ਵਿਸ਼ਾਲ, ਸੰਦੀਪ ਕੌਰ, ਪਰਵੀਨ ਕੁਮਾਰੀ, ਹਰਪ੍ਰੀਤ ਕੌਰ ਧਾਮੀ, ਕਾਮਨੀ, ਹਰਪ੍ਰੀਤ ਕੌਰ, ਪ੍ਰਭਜੋਤ ਕੌਰ, ਰਣਜੀਤ ਕੌਰ, ਗੁਰਪ੍ਰੀਤ ਕੌਰ, ਜੈਸਿਕਾ, ਕੌਮਲਪ੍ਰੀਤ ਕੌਰ, ਨਰਿੰਦਰ ਕੌਰ, ਨੇਹਾ, ਸਿਮਰਨਪ੍ਰੀਤ ਕੌਰ, ਹਰਵੀਰ, ਸਿਮਰਨ, ਨਰਵਿੰਦਰ ਕੌਰ, ਸੰਗੀਤਾ ਦੇਵੀ, ਦਲਜੀਤ, ਮਨੀਸ਼ਾ, ਸਤਨਾਮ ਕੌਰ, ਰੀਤਿਕਾ, ਗੁਰਪ੍ਰੀਤ ਸਿੰਘ ।




**ਫੋਟੋ ਅਜਮੇਰ ਦੀਵਾਨਾ**

# ਚੋਣ ਨਿਸ਼ਾਨ ਹਾਥੀ ਨੂੰ ਇੱਕਲੇ-ਇੱਕਲੇ ਵੋਟਰ ਕੋਲ ਪਹੁੰਚਉਦਾ ਕਰੋ : ਕਰੀਮਪੁਰੀ





**ਬੰਗਾ ( ਚਰਨਜੀਤ ਸੱਲ੍ਹਾਂ )** ਬੰਗਾ ਹਲਕੇ ਤੋਂ ਚੋਣ ਲੜ ਰਹੇ ਸਾਰੇ ਜਿਲਾ ਪਰੀਸ਼ਦ ਤੇ ਬਲਾਕ ਸੰਮਤੀ ਚੋਣਾ ਦੇ ਉਮੀਦਵਾਰਾਂ ਤੇ ਹਲਕੇ ਦੀ ਸੀਨੀਅਰ ਲੀਡਰਸ਼ਿਪ ਨੂੰ ਗੁਣਾਚੋਰ ਬਲਾਕ ਸੰਮਤੀ ਤੋ ਉਮੀਦਵਾਰ ਬਸਪਾ ਆਗੂ ਵਿਜੈ ਕੁਮਾਰ ਗੁਣਾਚੋਰ ਜੀ ਦੇ ਘਰ ਮੀਟਿੰਗ ਵਿੱਚ ਬਸਪਾ ਪੰਜਾਬ ਦੇ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਜੀ ਵੱਖ ਵੱਖ ਜੋਨਾਂ ਤੋ ਚੋਣ ਲੜ ਰਹੇ ਉਮੀਦਵਾਰਾਂ ਦੀ ਚੋਣ ਮੁਹਿੰਮ ਨੂੰ ਤੇਜ ਕਰਨ ਲਈ ਡਿਊਟੀਆਂ ਲਗਾਈਆਂ ਅਤੇ ਸਾਰੇ ਸਾਥੀਆਂ ਨੂੰ ਕਿਹਾ ਕਿ ਤੁਸੀਂ ਜਿੰਨ੍ਹੇ ਵੀ ਹਾਥੀ ਚੋਣ ਨਿਸ਼ਾਨ ਤੇ ਚੋਣ ਲੜ ਰਹੇ ਹਨ ਉਨ੍ਹਾਂ ਨੂੰ ਕਹਿਣ ਹੈ ਤੁਹਾ-ਡੇ ਕੋਲ ਇਹ ਹੀ ਚਾਰ ਦਿਨ ਬਾਕੀ ਹਨ ਕਿ ਤੁਸੀਂ ਦਿਨ ਰਾਤ ਇੱਕ ਕਰ ਦਿਓ ਆਪਣੇ ਚੋਣ ਨਿਸ਼ਾਨ ਹਾਥੀ ਨੂੰ ਇੱਕਲੇ ਇੱਕਲੇ ਵੋਟਰ ਕੋਲ ਪਹੁੰਚਉਦਾ ਕਰ ਦਿਓ। ਕਿਉਂਕਿ ਹਾਥੀ ਹੀ ਸਾਡੇ ਮਹਾਂਪੁਰਸ਼ਾਂ ਦਾ ਨਿਸ਼ਾਨ ਹੈ ਜਿਸ ਨੂੰ ਜਿਤਾਉਣਾ ਸਾਡਾ ਸਭ ਦਾ ਫ਼ਰਜ਼ ਹੈ ਅਤੇ ਹਰੇਕ ਦੇ ਦੁੱਖ ਤਕਲੀਫ ਵਿੱਚ ਇੱਕ ਸਾਡੀ ਪਾਰਟੀ ਬਸਪਾ ਹੀ ਖੜ੍ਹਦੀ ਹੈ ਪ੍ਰਵੀਨ ਬੰਗਾ ਸੂਬਾ ਜਨਰਲ ਸਕੱਤਰ ਬਸਪਾ ਪੰਜਾਬ ਨੇ ਵੀ ਹਲਾਸ਼ੇਰੀ ਦਿੱਤੀ ਅਤੇ ਉਮੀਦਵਾਰਾ ਦੇ ਨਾਲ ਚੱਲਣ ਲਈ ਕਿਹਾ। ਇਸ ਮੌਕੇ ਹਰਬਲਾਸ ਬਸਰਾ ਜ਼ਿਲ੍ਹਾ ਜਨਰਲ ਸਕੱਤਰ ਬਸਪਾ, ਮਨੋਹਰ ਕਮਾਮ ਜ਼ਿਲ੍ਹਾ ਕੋਆਰਡੀਨੇਟਰ, ਮਾਂ ਸਤਪਾਲ ਰਟੈਂਡਾ ਪ੍ਰਧਾਨ ਬਸਪਾ ਬੰਗਾ, ਚਰਨਜੀਤ ਮੰਢਾਲੀ ਜਨਰਲ ਸਕੱਤਰ ਬਸਪਾ ਬੰਗਾ, ਕੁਲਦੀਪ ਰਾਏ ਬਹਿਰਾਮ ਯੂਥ ਆਗੂ ਬਸਪਾ, ਪਰਮਜੀਤ ਮਹਿਰਮਪੁਰੀ ਸੀਨੀਅਰ ਆਗੂ, ਪਰਮਜੀਤ ਕੌਰ ਸਾਬਕਾ ਸਰਪੰਚ, ਪ੍ਰਦੀਪ ਜੱਸੀ ਬਸਪਾ ਆਗੂ, ਵਿਜੇ ਗੁਣਾਚੌਰ, ਅਜੀਤ ਰਾਮ ਗੁਣਾਚੌਰ ਬਜ਼ੁਰਗ ਬਸਪਾ ਆਗੂ ਛਿੰਦਰਪਾਲ ਛਿੰਦਾ, ਹਰਪ੍ਰੀਤ ਕੌਰ ਜੰਢਾਲੀ, ਹਰਜਿੰਦਰ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ, ਪ੍ਰਕਾਸ਼ ਚੰਦ ਸੀਨੀਅਰ ਬਸਪਾ ਆਗੂ, ਪਹਿ-ਲਵਾਨ ਅਤੇ ਹੋਰ ਬਹੁਤ ਸਾਰੇ ਵਰਕਰ ਮੌਜੂਦ ਸਨ।

## ਸਾਡੀ ਮਾਤ ਭਾਸ਼ਾ



ਸੁਣੋਂ ਵਿਦੇਸ਼ੀਓ ਸਾਡੀਆਂ ਕਲਮਾਂ ,
ਦਿਲਾਂ ਦੀ ਘੁੰਡੀ ਖੋਲ੍ਹਦੀਆਂ ।
ਇਹ ਥੋਡੇ ਵਾਂਗੂੰ ਕੱਚੇ ਦੁੱਧ ਵਿੱਚ ,
ਨਈਓਂ ਕਾਂਜੀ ਘੋ਼ਲਦੀਆਂ ।
ਜੇ ਉੱਪਰ ਲੱਗਣ ਨੱਕ 'ਚੋਂ ਬੋਲਣ ,
ਹੇਠਾਂ ਲੱਗ ਕੇ ਦੰਦਾਂ 'ਚੋਂ ;
ਥੋਡੇ ਅੱਖਰ ਵੀ ਚੁੱਪ ਕਰ ਜਾਂਦੇ ,
ਸਾਡੀਆਂ ਬਿੰਦੀਆਂ ਬੋਲਦੀਆਂ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

## ਅੱਖੀਆਂ ਨੂੰ ਉਡੀਕ

ਅੱਖੀਆਂ ਨੂੰ ਉਡੀਕ ਵੇ ਸੱਜਣਾਂ
ਬੱਸ ਤੇਰੀ ਹੁਣ ਤੇਰੀ ਵੇ,
ਬੀਤ ਗਏ ਕਈ ਸਾਲ ਵੇ ਸੱਜਣਾਂ
ਬੇਸ਼ੱਕ ਹੋ ਗਈ ਦੇਰੀ ਵੇ,
ਪਲਕਾਂ ਵੀ ਕਾ਼ਲੀਆਂ ਹੋ ਗਈਆਂ
ਵੇ ਰਾਹ ਤੇਰੇ ਨੂੰ ਤੱਕ ਸੱਜਣਾਂ,
ਮਨ ਟੁੱਟ ਕੇ ਚੂਰੋ ਚੂਰ ਹੋਇਆ
ਤੱਕਦੇ ਹਾਂ ਮੂੰਹ ਨੂੰ ਚੱਕ ਸੱਜਣਾਂ,
ਹੋਰ ਕਿਸੇ ਕੋ਼ਲ ਭੇਤ ਨਾ ਖੁੱਲਜੇ
ਗੱਲ ਤੇਰੀ ਤੇ ਮੇਰੀ ਵੇ।
ਅੱਖੀਆਂ ਨੂੰ ਉਡੀਕ ਵੇ ਸੱਜਣਾਂ.....
ਔਸੀਆਂ ਪਾ ਕੇ ਸਮਾਂ ਗੁਜ਼ਾਰੀਏ ਹੁਣ
ਕੱਲਿਆਂ ਦਾ ਲੰਘਦਾ ਨਹੀਂ,
ਆ ਕੇ ਸੱਜਣਾਂ ਗ਼ਲ ਨਾਲ ਲਾ ਲੈ
ਕਿਉਂ ਪੱਕੇ ਰੰਗ ਵਿੱਚ ਰੰਗਦਾ ਨਹੀਂ,
ਦੀਦਾਰ ਤੇਰੇ ਨੂੰ ਤਰਸੀਆਂ ਅੱਖੀਆਂ
ਥੋੜ੍ਹੀ ਤੂੰ ਕਰ ਦਲੇਰੀ ਵੇ।
ਅੱਖੀਆਂ ਨੂੰ ਉਡੀਕ ਵੇ ਸੱਜਣਾਂ.....
ਚੇਹਰਾ ਵੀ ਸੁਰਖ਼ ਗੁਲਾਬ ਜਿਹਾ
ਮੁਰਝਾ ਗਿਆ ਵੇ ਤੂੰ ਸੁਣ ਸੱਜਣਾਂ,
ਦੁੱਖੜਾ ਵੀ ਬੜਾ ਹੀ ਡਾਢਾ ਹੈ ਜਿਵੇਂ
ਜਿੰਦ ਨੂੰ ਲੱਗਾ ਘੁਣ ਸੱਜਣਾਂ,
ਕੀ ਨੇਕ ਨਿਮਾਣਿਆਂ ਉਦੋਂ ਆਵੇਗਾ
ਜਦ ਮਿੱਟੀ ਦੀ ਬਣ ਗਈ ਢੇਰੀ ਵੇ।
ਅੱਖੀਆਂ ਨੂੰ ਉਡੀਕ ਵੇ ਸੱਜਣਾਂ
ਬਸ ਤੇਰੀ ਹੁਣ ਤੇਰੀ ਵੇ,
ਬੀਤ ਗਏ ਕਈ ਸਾਲ ਵੇ ਸੱਜਣਾਂ
ਬੇਸ਼ੱਕ ਹੋ ਗਈ ਦੇਰੀ ਵੇ।



**ਸ਼ੇਰਗਿੱਲ ਨੇਕ (ਨੇਕ ਨਿਮਾਣਾਂ)**

## ਫ਼ਕੀਰੀ

ਰੱਤ ਤਨ ਦਾ ਬਾਲਣ ਸੀ ਮੈਂ ਬਣਾਇਆਂ
ਸਮਾਂ ਜਿੰਦ ਦਾ ਹੱਥੀਂ ਵੱਟ ਵੱਟੀ ਧੂੰਖਾਇਆ।

ਤਾਹਨਿਆਂ ਮਿਹਣਿਆਂ ਦੀ ਪਿੰਡੇਂ ਮੱਲ ਸੁਆਹ
ਅੰਦਰੋਂ ਅੰਦਰੀਂ ਮਨ ਦੇ ਦੱਬ ਦਿੱਤੇ ਅਧੂਰੇ ਚਾਅ॥

ਦੀਨ ਦੁਨੀਆਂ ਦੀ ਤਿਆਗੀ ਮੁੱਢੋਂ ਅਮੀਰੀ
ਹੱਡੀਆਂ ਦਾ ਭਾੜਾ ਤਾਰ ਖੱਟੀ ਅਸਾਂ ਫ਼ਕੀਰੀ।

ਮੋਹ ਆਪਣਿਆਂ ਬੇਗਾਨਿਆਂ ਦਾ ਦਿਲੋਂ ਛੱਡਿਆ
ਸੁੰਨ ਸਮਾਧ ਹੋਈ ਅਵਸਥਾ ਮੁੜ ਧੂਣਾ ਗੱਡਿਆਂ॥

ਉਸ ਸੱਚੇ ਦੀ ਫੇਰ ਜਾ ਹੋਈ ਸੀ ਨਜ਼ਰ ਸਵੱਲੀ
ਭੇਤ ਵਾਲੀ ਗੱਲ ਤਦ ਅਭੇਦਤਾ ਨੇ ਜਾ ਮੱਲ੍ਹੀ।

ਪੱਲੇ ਫ਼ਕੀਰਾਂ ਦੇ ਹਨ ਕਾਹਦੀਆਂ ਫਿੱਕਰਾਂ
ਸਾਧਾਂ ਨੂੰ ਸਮਾਧਾਂ ਥਾਂ ਦੇਣ ਕੰਡਿਆਲੀਆਂ ਕਿੱਕਰਾਂ।

ਪੈਂਡਾਂ ਸੱਚ ਦਾ ਸੋਚਿਆਂ ਚੜ੍ਹਦਾ ਹੀ ਜਾਵਾਂ
ਇੱਕ ਕਾਦਰ ਤੋਂ ਛੁੱਟ ਨਾਮ ਨਾਂਹ ਧਿਆਵਾਂ


ਰੂਹ ਮੇਰੀ ਹੁਣ ਬਣ ਬੈਠੀ ਬਿਰਹੋਂ ਦੀ ਰੋਗੀ
ਵੈਰਾਗ ਫੁੱਟਦਾਂ ਨੈਣੀਂ ਪਿੰਡ ਹੋਇਆ ਸੋਗੀ॥



**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

## .ਗਜ਼ਲ

ਵਜ਼ਨ:- ਫ਼ਾਇਲਾਤੁਨ, ਫਾਇਲਾਤੁਨ ਫ਼ਾਇਲੁਨ
ਜੇ ਅਸੀਂ ਝੱਲੇ ਹਾਂ, ਝੱਲੇ ਰਹਿਣ ਦੇ।
ਕੁਝ ਨਾ ਕੁਝ ਤਾਂ ਸਾਡੇ ਪੱਲੇ ਰਹਿਣ ਦੇ।
ਟਾ਼ਲ ਕੇ ਗੱਲਾਂ 'ਚ ਆਖ਼ਿਰ ਕਹਿ ਗਿਆ ,
ਮੁੰਦੀਆਂ ਬੇਕਾਰ , ਛੱਲੇ ਰਹਿਣ ਦੇ।
ਹੋ ਗਈ ਹੈ ਲੀਰਾਂ ਲੀਰਾਂ ਗੇਂਦ ਹੁਣ ,
ਤੋੜ ਨਾ ਇਹ ਹੋਰ ,ਟੱਲੇ ਰਹਿਣ ਦੇ।
ਕਾਫ਼ਿਲਾ ਖਿੰਡਿਐ ,ਮਗਰ ਵਿਸ਼ਵਾਸ ਹੈ ,
ਮੰਜ਼ਿਲਾਂ ਪਾਵਾਂਗੇ , ਕੱਲੇ ਰਹਿਣ ਦੇ ।
ਬੇ - ਸਰੂਰੇ ਤਰਸਦੇ ਨੇ ਸਾਕੀਆ !
ਜਾਮ ਨਾ ਦੇ , ਲੱਗੇ ਥੱਲੇ , ਰਹਿਣ ਦੇ।
ਦਾਦ ਬਿਨ ਸਾਰੀ .ਗਜ਼ਲ ਮੈਂ ਪੜ੍ਹ ਗਿਆ
ਤੇਰੀ ਵਾਰੀ ਬੱਲੇ ਬੱਲੇ, ਰਹਿਣ ਦੇ ।
ਸੋਚ ਕਿਹੜੀ 'ਤੇ , ਤੂੰ ਪਹਿਰਾ ਦੇ ਰਿਹੈਂ,
ਫ਼ੁਕਰੀਆਂ ਨਾ ਮਾਰ ਝੱਲੇ! ਰਹਿਣ ਦੇ।
ਹੌਂਸਲਾ ਅਪਣਾ ਹੀ ਮੰਜ਼ਿਲ ਪਾਏਗਾ,
ਜਿਸ ਤਰਫ਼ ਰਹਿਬਰ ਨੇ ਚੱਲੇ , ਰਹਿਣ ਦੇ।
ਕਿਉਂ 'ਪੰਜਾਬੀ' ਬੋਲਦੈਂ ਮਹਿਫ਼ਿਲ 'ਚ ਇੰਝ ,
ਕੁਝ ਨਹੀਂ ਹੈ ਤੇਰੇ ਪੱਲੇ , ਰਹਿਣ ਦੇ।



**ਪਵਨ ਪੰਜਾਬੀ**
**ਰੁੜਕੀ ਕਲਾਂ( ਮਲੇਰ ਕੋਟਲਾ )**
**ਸੰਪਰਕ :- 81980.95028.**


**HAPPY BIRTHDAY**



**Panav verma**
Father name -pankaj verma
Mother name -nita verma

# ਕਦਰਦਾਨ ਪਾਕਿਸਤਾਨ ਸਾਹਿਤਕ ਸੰਗਠਨ ਅਤੇ ਕਦਰਦਾਨ ਡਿਜੀਟਲ ਚੈਨਲ ਦੁਆਰਾ ਕਸੂਰ ਵਿੱਚ ਮਹੀਨਾਵਾਰ ਮੁਸ਼ਾਇਰਾ,ਦੇਸ਼ ਭਰ ਦੇ ਪ੍ਰਸਿੱਧ ਕਵੀਆਂ ਦੀ ਸ਼ਮੂਲੀਅਤ

**ਕਸੂਰ (ਨਾਮਾ ਨਗਰ)** ਐਤਵਾਰ, 7 ਦਸੰਬਰ, 2025 ਨੂੰ, ਕਦਰਦਾਨ ਡਿਜੀਟਲ ਚੈਨਲ ਅਤੇ ਕਦਰਦਾਨ ਪਾਕਿਸਤਾਨ ਸਾਹਿਤਕ ਸੰਗਠਨ ਦੇ ਸਹਿਯੋਗ ਨਾਲ ਕਸੂਰ ਸ਼ਹਿਰ ਦੇ ਇੱਕ ਨਿੱਜੀ ਹਾਲ ਵਿੱਚ ਮਾਸਿਕ ਮੁਸ਼ਾਇਰਾ ਕਸੂਰ ਆਯੋਜਿਤ ਕੀਤਾ ਗਿਆ। ਇਹ ਸਾਹਿਤਕ ਸਮਾਗਮ ਸ਼ਹਿਰ ਦੇ ਸਾਹਿਤਕ ਵਰਗ ਲਈ ਇੱਕ ਸੁਹਾਵਣਾ ਮੌਕਾ ਸੀ ਜਿੱਥੇ ਕਸੂਰ ਅਤੇ ਲਾਹੌਰ ਦੇ ਸਰੋਤਿਆਂ ਨੇ ਹਿੱਸਾ ਲਿਆ ਅਤੇ ਭਰਵਾਂ ਇਕੱਠ ਕਰਕੇ ਕਾਵਿਕ ਮਾਹੌਲ ਨੂੰ ਹੋਰ ਸੁੰਦਰ ਬਣਾਇਆ।ਕਵਿਤਾ ਸੈਸ਼ਨ ਦੀ ਪ੍ਰਧਾਨਗੀ ਅਹਿਮਦ ਫਹੀਮ ਮਾਇਓ (ਲਾਹੌਰ) ਨੇ ਕੀਤੀ,ਆਪਣੇ ਉਦਘਾਟਨੀ ਭਾਸ਼ਣ ਵਿੱਚ, ਪ੍ਰਧਾਨ ਨੇ ਸਾਹਿਤ ਦੀ ਮਹੱਤਤਾ ਅਤੇ ਨੌਜਵਾਨ ਲੇਖਕਾਂ ਨੂੰ ਇੱਕ ਪਲੇਟਫਾਰਮ ਪ੍ਰਦਾਨ ਕਰਨ ਬਾਰੇ ਗੱਲ ਕੀਤੀ। ਸਲੀਮ ਆਫਤਾਬ ਸਲੀਮ ਸਾਹਿਬ ਦੁਆਰਾ ਸਰਪ੍ਰਸਤੀ ਪ੍ਰਾਪਤ ਕੀਤੀ ਗਈ। ਉਹ ਬਜ਼ਮ-ਏ-ਕਾਦਰ ਦਾਨ ਦੇ ਸਥਾਈ ਸਰਪ੍ਰਸਤ ਹਨ। ਉਹ ਸਾਹਿਤਕ ਗਤੀਵਿਧੀਆਂ ਦੇ ਪ੍ਰਚਾਰ ਲਈ ਕੰਮ ਕਰਦੇ ਹਨ। ਇਸ ਮਹੀਨੇ ਦੇ ਸੈਸ਼ਨ ਦੇ ਵਿਸ਼ੇਸ਼ ਮਹਿਮਾਨ ਯਾਸੀਨ ਯਾਸ (ਫੂਲ ਨਗਰ) ਸਨ ਜਿਨ੍ਹਾਂ ਦੇ ਆਉਣ ਨਾਲ ਕਵਿਤਾ ਸੈਸ਼ਨ ਨੂੰ ਹੋਰ ਜਾਨ ਮਿਲ ਗਈ ਅਤੇ ਕਵਿਤਾ ਭਰਪੂਰ ਸੀ। ਕਵਿਤਾ ਦਾ ਸਾਰਾ ਪ੍ਰਬੰਧ ਕਦਰਦਾਨ ਡਿਜੀਟਲ ਚੈਨਲ ਦੀ ਟੀਮ ਦੇ ਹੱਥਾਂ ਵਿੱਚ ਸੀ ਜਿਨ੍ਹਾਂ ਦੇ ਬਹੁਤ ਹੀ ਵਧੀਆ ਪ੍ਰਬੰਧ ਕੀਤਾ।ਵਿਸ਼ੇਸ਼ ਮਹਿਮਾਨ ਯਾਸੀਨ ਯਾਸ (ਫੂਲ ਨਗਰ), ਸਿੱਦੀਕ ਜੌਹਰ (ਲਾਹੌਰ), ਨਿਆਜ਼ ਅਲੀ ਨਿਆਜ਼ (ਮਾਨਸੇਹਰਾ), ਅਬਦੁਲ ਰਜ਼ਾਕ ਮੋਹਸਿਨ (ਕਸੂਰ), ਰੁਸਤਮ ਵਟੋ (ਟਾਂਡਲੀਆਂਵਾਲਾ), ਮਨਜ਼ੂਰ ਸ਼ਾਹਿਦ (ਓਰਾ ਕਸੂਰ), ਸਲੀਮ ਆਫਤਾਬ ਸਲੀਮ (ਕਸੂਰ) ਅਤੇ ਨਦੀਮ ਵਕਾਸ (ਕਸੂਰ) ਨੇ ਆਪਣੀਆਂ ਕਵਿਤਾਵਾਂ ਸਰੋਤਿਆਂ ਨੂੰ ਪੇਸ਼ ਕੀਤੀਆਂ। ਇਕੱਠ ਵਿੱਚ ਹਰ ਕਵੀ ਦੀਆਂ ਕਵਿਤਾਵਾਂ ਦੀ ਵਾਰ-ਵਾਰ ਪ੍ਰਸ਼ੰਸਾ ਕੀਤੀ ਗਈ। ਮੁਸ਼ਾਇਰਾ ਸਈਦ-ਉਲ-ਜ਼ਮਾਨ ਸਾਜਿਦ ਸਾਹਿਬ (ਲਾਹੌਰ) ਦੁਆਰਾ ਆਯੋਜਿਤ ਕੀਤਾ ਗਿਆ ਸੀ ਜਿਨ੍ਹਾਂ ਨੇ ਆਪਣੀ ਖੁਸ਼ੀ ਅਤੇ ਕਵਿਤਾ ਨਾਲ ਇਕੱਠ ਨੂੰ ਚਾਰ ਚੰਨ ਲਗਾ ਦਿੱਤੇ। ਸਾਹਿਤਕ ਹਲਕਿਆਂ ਨੇ ਕਵਿਤਾ ਨੂੰ ਸੰਗਠਿਤ, ਆਨੰਦਦਾਇਕ ਅਤੇ ਗੁਣਵੱਤਾ ਦੇ ਪੱਖੋਂ ਸਫਲ ਦੱਸਿਆ ਅਤੇ ਉਮੀਦ ਪ੍ਰਗਟ ਕੀਤੀ ਕਿ ਕਾਦਰ ਦਾਨ ਡਿਜੀਟਲ ਚੈਨਲ ਕਾਦਰ ਦਾਨ ਪਾਕਿਸਤਾਨ ਕਵਿਤਾ ਦੀ ਇਸ ਲੜੀ ਨੂੰ ਉਤਸ਼ਾਹ ਅਤੇ ਉਤਸ਼ਾਹ ਨਾਲ ਜਾਰੀ ਰੱਖੇਗਾ।



**ਰਿਪੋਰਟ**
**ਸਲੀਮ ਆਫਤਾਬ ਸਲੀਮ ਕਸੌਰੀ**

## ਸਾਹਿਤਕ ਸਰਗਰਮੀ

ਪੰਜਾਬੀ ਕਲਮ ਕੇਂਦਰ ਮੌਂਟਰੀਅਲ (ਕਨੇਡਾ) ਵੱਲੋਂ ਪੰਜਾਬ ਦੇ ਉੱਘੇ ਗ਼ਜ਼ਲਗੋ ਅਮਰਜੀਤ ਸਿੰਘ ਜੀਤ ਜੀ ਦੇ ਮਾਣ ਵਜੋਂ ਮੌਂਟਰੀਅਲ ਵਿੱਚ 13 ਦਸੰਬਰ 2025 ਇੱਕ ਕਾਵਿ ਸੰਮੇਲਨ ਉਲੀਕਿਆ ਗਿਆ ਹੈ ਅਮਰਜੀਤ ਸਿੰਘ ਜੀਤ ਜੀ ਕੁੱਝ ਦਿਨ ਤੋਂ ਕਨੇਡਾ ਦੀ ਫੇਰੀ ਤੇ ਹਨ ਪੰਜਾਬੀ ਕਲਮ ਕੇਂਦਰ ਉਨ੍ਹਾਂ ਦੀਆਂ ਪੰਜਾਬੀ ਸਾਹਿਤ ਪ੍ਰਤੀ ਪਿਆਰ, ਪੰਜਾਬੀ ਸਾਹਿਤ ਦੀ ਝੋਲੀ ਗ਼ਜ਼ਲਾਂ ਦੀਆਂ ਕਿਤਾਬਾਂ ਪਾਉਣ ਲਈ ਅਤੇ ਨਿਭਾਈਆਂ ਅਥਾਹ ਸੇਵਾਵਾਂ ਨੂੰ ਮੁੱਖ ਰੱਖਦਿਆਂ
*ਇੱਕ ਕਵਿਤਾ ਦੀ ਸ਼ਾਮ ਅਮਰਜੀਤ ਜੀਤ ਦੇ ਨਾਮ*
ਆਯੋਜਿਤ ਕਰਕੇ ਬਹੁਤ ਮਾਣ ਮਹਿਸੂਸ ਕਰ ਰਿਹਾ ਹੈ ਪੰਜਾਬੀ ਕਲਮ ਕੇਂਦਰ ਹਮੇਸ਼ਾ ਪੰਜਾਬੀ ਸਾਹਿਤ ਰਚਨਹਾਰਾਂ ਨੂੰ ਮਾਣ ਬਖ਼ਸ਼ਦਾ ਹੈ, ਇਹ ਸਾਹਿਤਕ ਸੰਸਥਾ 2006 ਤੋਂ ਲਗਾਤਾਰ ਪੰਜਾਬੀ ਸਾਹਿਤ ਦੀ ਸੇਵਾ ਕਰਦੀ ਆ ਰਹੀ ਹੈ।ਪੰਜਾਬੀ ਕਲਮ ਕੇਂਦਰ ਹਰ ਸਾਲ ਕਈ ਪ੍ਰਸਿੱਧ ਤੇ ਨਾਮਵਰ ਸ਼ਾਇਰਾਂ ਤੇ ਸਾਹਿਤਕਾਰਾਂ ਨੂੰ ਮੌਂਟਰੀਅਲ ਦੇ ਸਰੋਤਿਆਂ ਦੇ ਰੂਬਰੂ ਕਰਦਾ ਆ ਰਿਹਾ ਹੈ ਇਸ ਲੜੀ ਵਿੱਚ ਕੁਝ ਪ੍ਰਸਿੱਧ ਨਾਮ ਹਨ ਜਿਵੇਂ ਡਾ. ਸੁਰਜੀਤ ਪਾਤਰ ਜੀ, ਨਵਤੇਜ ਭਾਰਤੀ ਜੀ, ਅਜਮੇਰ ਰੋਡੇ ਜੀ, ਡਾ. ਸੁਖਪਾਲ ਜੀ ਨੀਰੂ ਅਸੀਮ ਜੀ ਜਸਵੀਰ ਸ਼ਮੀਲ ਜੀ, ਸੁਰਜੀਤ ਕੌਰ ਟਰੰਟੋ, ਭੁਪਿੰਦਰ ਦੂਲੇ ਜੀ, ਪਿਆਰਾ ਸਿੰਘ ਕੁਦੋਵਾਲ ਜੀ, ਸਤਨਾਮ ਸਿੰਘ ਕੋਮਲ ਜੀ, ਅਮਰਜੀਤ ਸਾਥੀ ਜੀ, ਸ੍ਰ.ਪ੍ਰਗਟ ਸਿੰਘ ਬੱਗਾ ਜੀ, ਗੁਰਦੇਵ ਚੌਹਾਨ ਜੀ ਅਤੇ ਅਮਰਜੀਤ ਸਿੰਘ ਜੀਤ ਜੀ ਦਾ ਨਾਮ ਵਰਨਣਯੋਗ ਹੈ। ਸਾਨੂੰ ਪੂਰੀ ਆਸ ਹੈ ਕਿ 13 ਦਸੰਬਰ ਵਾਲਾ ਕਾਵਿ ਸਮਾਗਮ ਬੜਾ ਕਾਮਯਾਬ ਹੋ ਨਿਬੜੇਗਾ।




**ਜਾਰੀ ਕਰਤਾ**
**ਹਰਜਿੰਦਰ ਸਿੰਘ ਪੱਤੜ**
**ਪੰਜਾਬੀ ਕਲਮ ਕੇਂਦਰ ਮੌਂਟਰੀਅਲ ਕਨੇਡਾ**

## ਸਬਕ

ਪੋਰਸ ਸੂਰਬੀਰ ਤੇ ਬਹਾਦਰ ਯੋਧਾ ਸੀ। ਸਿਕੰਦਰ ਖਿਲਾਫ ਦਲੇਰੀ ਨਾਲ ਲੜਿਆ ਪਰ ਬੁਰੀ ਤਰਾਂ ਹਾਰ ਗਿਆ। ਹਾਰ ਦਾ ਮੁੱਖ ਕਾਰਨ ਰਿਹਾ ਘੋੜਿਆਂ ਦੇ ਯੁੱਗ ਵਿੱਚ ਹਾਥੀਆਂ ਨੂੰ ਜ਼ਿਆਦਾ ਤਰਜੀਹ ਦੇਣੀ। ਓਦੋਂ ਤੋਂ ਲੈ ਕੇ ਹੁਣ ਤੱਕ ਸਮਾਂ ਬਹੁਤ ਬਦਲ ਚੁੱਕਾ ਏ। ਮਸ਼ੀਨੀ ਯੁੱਗ 'ਚ ਗੱਲ ਘੋੜਿਆਂ ਤੋਂ ਵੀ ਕਿਤੇ ਅਗਾਂਹ ਲੰਘ ਚੁੱਕੀ ਏ। ਜੇ ਹੁਣ ਵੀ ਤੁਸੀਂ ਘੋੜਿਆਂ ਜਾਂ ਗਧਿਆਂ ਕੰਨੀ ਹੀ ਝਾਕਦੇ ਹੋ ਤਾਂ ਸਮਝ ਲਓ ਤੁਸੀਂ ਬੀਤੇ (ਇਤਿਹਾਸ) ਤੋਂ ਕੁਝ ਨੀ ਸਿੱਖਿਆ। ਇਤਿਹਾਸ ਪੜ੍ਹਿਆ ਜ਼ਰੂਰ ਹੋਵੇਗਾ ਪਰ ਸਮਝ ਨੀ ਸਕੇ। ਆਖਰ ਕਦ ਤੱਕ ਸੜਕਾਂ-ਨਾਲੀਆਂ; ਮੁਫਤ ਪਾਣੀ, ਬਿੱਲ ਬੱਤੀਆਂ, ਆਟਾ-ਦਾਲ ਜਿਹੀਆਂ ਸਕੀਮਾਂ ਪਿੱਛੇ ਭੱਜਦੇ ਰਹਾਂਗੇ ਅਸੀਂ। ਜਾਣ ਜਾਓ ਕਿ ਸਮੇਂ ਦੇ ਹਿਸਾਬ ਨਾਲ ਹੁਣ ਸਾਡੀਆਂ ਜ਼ਰੂਰਤਾਂ ਬਦਲ ਚੁੱਕੀਆਂ ਨੇ। ਨਵੇਂ ਸਮੇਂ ਦੇ ਹਾਣੀ ਬਣਨ ਲਈ ਤੇ ਸੰਸਾਰ ਦੇ ਵਿਕਸਿਤ ਤੇ ਵਿਕਾਸਸ਼ੀਲ ਦੇਸ਼ਾਂ ਦੇ ਲੋਕਾਂ ਦੇ ਬਰਾਬਰ ਖੜਨ ਲਈ ਸਾਨੂੰ ਆਪਣੀ ਸੋਚ ਤੇ ਲੋੜਾਂ ਨੂੰ ਬਦਲਣਾ ਪਵੇਗਾ। ਸਰਕਾਰਾਂ ਤੇ ਲੀਡਰਾਂ ਦੇ ਰਹਿਮੋ-ਕਰਮਾਂ ਤੋਂ ਬਾਹਰ ਨਿਕਲ ਕੇ ਆਤਮ ਨਿਰਭਰ ਹੋਣਾ ਪਵੇਗਾ ਤੇ ਜਦੋਂ ਅਸੀਂ ਆਤਮ ਨਿਰਭਰ ਹੋ ਜਾਵਾਂਗੇ ਤਾਂ ਸਾਨੂੰ ਮੁਫਤ ਤੇ ਖੈਰਾਤ ਵਾਲੀਆਂ ਚੀਜ਼ਾ ਦੀ ਵੀ ਕੋਈ ਲੋੜ ਨਹੀਂ ਰਹੇਗੀ।ਯਾਦ ਰੱਖੋ ਉਹਨਾਂ ਦੇਸ਼ਾਂ ਨੇ ਖੁਦ ਤਰੱਕੀ ਨੀ ਕੀਤੀ, ਸਗੋਂ ਲੋਕਾਂ ਦੀ ਸੋਚ ਤੇ ਸਮਝ ਬਦਲਣ ਨਾਲ ਹੀ ਦੁਨੀਆ ਦੇ ਮੋਹਰੀ ਦੇਸ਼ ਬਣ ਸਕੇ ਨੇ ਤੇ ਅਸੀਂ ਹਾਲੇ ਤੱਕ ਆਟੇ ਦਾਲਾਂ 'ਚੋਂ ਹੀ ਨੀ ਨਿਕਲ ਪਾਏ। ਦੂਜੀ ਗੱਲ ਜੇ ਲੀਡਰ ਮੁਫਤ ਵਿੱਚ ਕੁਝ ਦਿੰਦੇ ਵੀ ਨੇ ਤਾਂ ਆਪਣੇ ਪੱਲਿਓਂ ਕੱਖ ਨੀ ਦਿੰਦੇ, ਸਗੋਂ ਸਾਡੇ ਟੈਕਸਾਂ ਦੀ ਉਗਰਾਹੀ ਦੇ ਸਿਰ ਤੇ ਹੀ ਵੰਡਦੇ ਨੇ, ਜੋ ਵੀ ਵੰਡਦੇ ਨੇ ਤੇ ਉਸ ਤੋਂ ਕਿਤੇ ਜ਼ਿਆਦਾ ਆਪਣੀਆਂ ਨਿੱਜੀ ਲੋੜਾਂ ਲਈ ਸਾਡੇ ਸਾਂਝੇ ਧੰਨ ਦੀ ਵਰਤੋਂ ਕਰਦੇ ਨੇ। ਇੱਕ ਚੀਜ਼ ਮੁਫਤ ਕਰੀ ਤੇ ਦੂਜੀ ਮੂਲ ਕੀਮਤ ਜਾਂ ਟੈਕਸ ਵਧਾ ਕੇ ਮਹਿੰਗੀ ਕਰ ਦਿੱਤੀ। ਸਿੱਧੇ ਪਾਸਿਓਂ ਨੀ ਤਾਂ ਪੁੱਠੇ ਪਾਸਿਓਂ ਮਰੋੜ ਦਿੱਤਾ ਪਰ ਕੰਨ ਤੁਹਾਡਾ ਈ ਏ। ਸੋ ਭਾਈ ਇਲੈਕਟ੍ਰਾਨਿਕ ਯੁੱਗ 'ਚ ਗਧਿਆਂ, ਘੋੜਿਆਂ, ਹਾਥੀਆਂ ਤੋਂ ਖਹਿੜਾ ਛੁਡਾਓ ਤੇ ਨਵੀਆਂ ਤਕਨੀਕਾਂ ਦਾ ਲਾਹਾ ਲਓ। ਅਤੇ ਹਾਂ ਸੱਚ ਬਹੁਤਾ ਲੀਡਰਾਂ ਦੀਆਂ ਗੱਲਾਂ ਵਿੱਚ ਵੀ ਨਾ ਆਇਆ ਕਰੋ। ਜੇ ਇਹ ਲੀਡਰ ਵਾਕਿਆ ਹੀ ਤੁਹਾਡਾ ਫਾਇਦਾ ਚਾਹੁੰਦੇ/ਸੋਚਦੇ ਹੁੰਦੇ ਤਾਂ ਪੂਰੇ ਪਿੰਡ ਦਾ ਸਾਲ ਦਾ ਕਰੋੜਾਂ ਦਾ ਬਿੱਲ ਮਾਫ ਕਰਨ ਦੀ ਬਜਾਏ ਇਕੱਲੇ-ਇਕੱਲੇ ਪਿੰਡ ਵਿੱਚ ਸੋਲਰ ਸਿਸਟਮ ਨਾ ਲੁਆ ਦਿੰਦੇ? ਚਾਹੁੰਦੇ ਤਾਂ ਤੁਹਾਡੇ ਘਰਾਂ ਦੀਆਂ ਛੱਤਾਂ ਤੇ ਸਬਸਿਡੀ ਤੇ ਸੋਲਰ ਲੁਆ ਸਕਦੇ ਸਨ। ਨਾਲੇ ਆਪਣੇ ਤਾਂ ਦੁਨੀਆ ਦੇ ਬਾਕੀ ਦੇਸ਼ਾਂ ਦੇ ਮੁਕਾਬਲੇ ਸੂਰਜ ਵੀ ਵਾਧੂ ਚਮਕਦਾ। ਸਦਾ ਵਾਸਤੇ ਟੈਂਟਾ ਵੱਢਿਆ ਜਾਂਦਾ, ਬਿਜਲੀ ਮਹਿਕਮੇ ਦਾ। ਨਾ ਖੇਤਾਂ ਵਿਚੋਂ ਤਾਰਾਂ ਲੰਗਦੀਆਂ ਤੇ ਨਾ ਫਸਲਾਂ ਦਾ ਉਜਾੜਾ ਹੁੰਦਾ। ਨਾ ਬਿੱਲ ਆਉਂਦੇ ਨਾ ਬਿਜਲੀ ਕਰਮਚਾਰੀ। ਸੋ ਭਾਈ ਮੁਫਤ ਦੀਆਂ ਸਹੂਲਤਾਂ ਦੇਣ ਵਾਲਿਆਂ ਨਾਲੋਂ ਰੁਜ਼ਗਾਰ ਦੇਣ ਵਾਲਿਆਂ ਨੂੰ ਚੁਣੋ। ਜਦ ਤੁਸੀਂ ਬਦਲੋਗੇ ਤਾਂ ਲੀਡਰ ਆਪੇ ਬਦਲਣਾ ਸ਼ੁਰੂ ਹੋ ਜਾਣਗੇ। ਪਿੰਡ ਵਿੱਚ ਲੀਡਰ ਆਉਂਦੇ ਨੇ ਤਾਂ ਜਾਂ ਤਾਂ ਉਨ੍ਹਾਂ ਕੋਲ ਜਾਇਆ ਈ ਨਾ ਕਰੋ ਤੇ ਜੇ ਜਾਓ ਤਾਂ ਸਵਾਲ ਕਰਿਆ ਕਰੋ ਨਾ ਕਿ ਹੱਥ ਬੰਨ੍ਹ ਕੇ ਐਵੇਂ ਘੁੱਗੂ ਜਿਹੇ ਬਣ ਕੇ ਬੈਠ ਜਾਇਆ ਕਰੋ। ਇੱਕ ਸਮਾਂ ਹੀ ਹੁੰਦਾ ਹੈ ਸਬਕ ਸਿਖਾਉਣ ਦਾ ਵੀ। ਜੇ ਵਾਕਿਆ ਹੀ ਆਪਣੀ ਆਉਣ ਵਾਲੀ ਔਲਾਦ ਤੇ ਪੀੜ੍ਹੀ ਦੀ ਤਰੱਕੀ ਤੇ ਭਲਾਈ ਚਾਹੁੰਦੇ ਹੋ ਤਾਂ ਨਵੇਂ ਸਮੇਂ ਦੇ ਹਾਣੀ ਬਣੋ। ਪੋਰਸ ਤੱਕ ਹੀ ਸੀਮਤ ਰਹਿਣ ਦੀ ਬਜਾਏ ਸਿਕੰਦਰ ਬਣੋ, ਸਿਕੰਦਰ।



**ਗੁਰਜਿੰਦਰ ਸਿੰਘ ਸਾਹਦੜਾ**

# ਪੰਜਾਬੀ ਭਾਸ਼ਾ ਭਾਈਚਾਰੇ ਦਾ ਸਾਹਿਤ ਉਤਸਵ ਬਣਿਆ -ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਰਚਿਆ ਗਿਆ ਪੰਦਰਵਾਂ ਸਮਾਗਮ









**ਮੋਗਾ (ਰਮੇਸ਼ਵਰ ਸਿੰਘ)** ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵੱਲੋਂ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਵਿੱਚ ਰੁਚੀ ਪੈਦਾ ਕਰਨ ਲਈ ਸ਼ੁਰੂ ਕੀਤੇ ਗਏ ਸਮਾਗਮਾਂ ਦੀ ਲੜੀ ਦਾ ਪੰਦਰਵਾਂ ਸਮਾਗਮ ਕੇਵਲ ਸਿੰਘ ਸਰਕਾਰੀ ਹਾਈ ਸਮਾਰਟ ਸਕੂਲ ਸੇਖਾ ਕਲਾਂ (ਮੋਗਾ) ਵਿੱਚ 05 ਦਸੰਬਰ 2025 ਨੂੰ ਕੀਤਾ ਗਿਆ। ਸੁੰਦਰ ਲਿਖਾਈ, ਕਵਿਤਾ ਸਿਰਜਣ, ਕਵਿਤਾ ਉਚਾਰਨ, ਡਰਾਇੰਗ ਅਤੇ ਹੋਰ ਸੱਭਿਆਚਾਰਕ ਗਤੀਵਿਧੀਆਂ ਵਿੱਚ ਪਹਿਲੇ ਨੰਬਰ ਤੇ ਆਉਣ ਵਾਲੇ 7 ਵਿਦਿਆਰਥੀਆਂ ਮਹਿਕਦੀਪ ਕੌਰ (ਛੇਵੀਂ) ਸੱਭਿਆਚਾਰਕ ਗਤੀਵਿਧੀਆਂ, ਨਵਜੋਤ ਕੌਰ (ਸੱਤਵੀਂ ਜਮਾਤ) ਡਰਾਇੰਗ ਅਤੇ ਪੇਂਟਿੰਗ, ਰਜਨਦੀਪ ਕੌਰ (ਅੱਠਵੀਂ ਜਮਾਤ) ਕਵਿਤਾ ਸਿਰਜਣ, ਸਿਮਰਨ ਕੌਰ (ਨੌਵੀਂ ਜਮਾਤ) ਸੁੰਦਰ ਲਿਖਾਈ, ਗੁਰਮਨਜੋਤ ਸਿੰਘ (ਨੌਵੀਂ ਜਮਾਤ) ਸਾਹਿਅਕਾਦਮਿਕ ਗਤੀਵਿਧੀਆਂ, ਰਾਜਬੀਰ ਕੌਰ (ਦਸਵੀਂ ਜਮਾਤ) ਪੋਸਟਰ ਬਣਾਉਣ ਅਤੇ ਰਾਜਪ੍ਰੀਤ ਸਿੰਘ (ਦਸਵੀਂ ਜਮਾਤ) ਸੁੰਦਰ ਲਿਖਾਈ ਲਈ, ਨੂੰ ਸੰਸਥਾ ਵਲੋਂ ਮੈਡਲਾਂ, ਪ੍ਰਮਾਣ-ਪੱਤਰਾਂ, ਸਕੂਲ ਬੈਗਾਂ ਅਤੇ ਉੱਤਮ ਸਾਹਿਤਕ ਪੁਸਤਕਾਂ ਨਾਲ ਸਨਮਾਨਿਤ ਕੀਤਾ ਗਿਆ। ਨਾਲ ਹੀ ਚਾਰ ਹੋਰ ਵਿਦਿਆਰਥੀਆਂ ਰਾਜਪਾਲ ਸਿੰਘ (ਛੇਵੀਂ ਜਮਾਤ), ਮਨਪ੍ਰੀਤ ਕੌਰ (ਨੌਵੀਂ ਜਮਾਤ), ਪ੍ਰਭਜੋਤ ਕੌਰ (ਦਸਵੀਂ ਜਮਾਤ) ਅਤੇ ਆਸ਼ਾ ਰਾਣੀ (ਦਸਵੀਂ ਜਮਾਤ) ਨੂੰ ਵੀ ਵਿਸ਼ੇਸ਼ ਹੌਂਸਲਾ ਅਫਜ਼ਾਈ ਸਨਮਾਨਾਂ ਨਾਲ ਸਨਮਾਨਿਤ ਕੀਤਾ ਗਿਆ। ਸਕੂਲ ਦੇ ਮੁੱਖ ਅਧਿਆਪਕ ਚਰਨਜੀਤ ਸਿੰਘ ਗਿੱਲ ਆਪ ਪੰਜਾਬੀ ਦੇ ਉੱਚ ਕੋਟੀ ਦੇ ਕਵੀ ਹਨ। ਸਨਮਾਨ ਸਮਾਗਮ ਨੂੰ ਹੋਰ ਯਾਦਗਾਰੀ ਬਣਾਉਣ ਦੇ ਉਦੇਸ਼ ਨਾਲ ਉਨਾਂ ਨੇ ਸੇਖਾ ਕਲਾਂ ਦੇ ਆਲੇ ਦੁਆਲੇ ਦੇ ਮਸ਼ਹੂਰ ਲੇਖਕਾਂ ਡਾ ਸਾਧੂ ਰਾਮ ਲੰਗੇਆਣਾ, ਅਮਰ ਘੋਲੀਆ, ਜਸਵੰਤ ਸਿੰਘ ਗਿੱਲ ਅਤੇ ਜਗਦੀਸ਼ ਪ੍ਰੀਤਮ ਨੂੰ ਵੀ ਬੱਚਿਆਂ ਦੇ ਸਨਮੁੱਖ ਕੀਤਾ। ਚਰਨਜੀਤ ਸਮਾਲਸਰ (ਚਰਨਜੀਤ ਸਿੰਘ ਗਿੱਲ ਦਾ ਸਾਹਿਤਕ ਨਾਂ) ਵੱਲੋਂ ਆਪਣੇ ਸਕੂਲ ਦੇ ਬੱਚਿਆਂ ਵਿੱਚ ਪੰਜਾਬੀ ਭਾਸ਼ਾ ਪ੍ਰਤੀ ਮਿਸਾਲੀ ਦਿਲਚਸਪੀ ਪੈਦਾ ਕਰਨ ਲਈ, ਸੰਸਥਾ ਵੱਲੋਂ ਉਨ੍ਹਾਂ ਦਾ ਵੀ ਸਤਿਕਾਰ ਕੀਤਾ ਗਿਆ। ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਦੀ ਨੁਮਾਇੰਦਗੀ ਮਿੱਤਰ ਸੈਨ ਮੀਤ ਅਤੇ ਦਵਿੰਦਰ ਸਿੰਘ ਸੇਖਾ ਨੇ ਕੀਤੀ। ਸਟੇਜ ਨੂੰ ਉਸਾਰੂ ਢੰਗ ਨਾਲ ਚਲਾਉਣ ਦੀ ਜਿੰਮੇਵਾਰੀ ਅਧਿਆਪਿਕਾ ਵੀਰਪਾਲ ਕੌਰ ਨੇ ਨਿਭਾਈ। ਸਾਹਿਤਕਾਰਾਂ ਦੀ ਹਾਜ਼ਰੀ ਅਤੇ ਵਿਦਿਆਰਥੀਆਂ ਦੀਆਂ ਉੱਚ ਕੋਟੀ ਦੀਆਂ ਪੇਸ਼ਕਾਰੀਆਂ ਨੇ ਇਸ ਸਾਧਾਰਣ ਸਨਮਾਨ ਸਮਾਗਮ ਨੂੰ ਇਕ ਯਾਦਗਾਰੀ ਸਾਹਿਤ ਉਤਸਵ ਵਿੱਚ ਬਦਲ ਦਿੱਤਾ।

# ਬਸਪਾ ਉਮੀਦਵਾਰ ਇੰਦਰਜੀਤ ਨੇ ਡੋਰ ਟੂ ਡੋਰ ਜਾ ਕੇ ਪ੍ਰਚਾਰ ਕੀਤਾ

**ਜਲੰਧਰ (ਪਰਮਜੀਤ ਜੱਸਲ)** ਬਲਾਕ ਸੰਮਤੀ ਰਾਏਪੁਰ ਰਸੂਲਪੁਰ ਤੋਂ ਬਸਪਾ ਉਮੀਦਵਾਰ ਸ਼੍ਰੀਮਤੀ ਇੰਦਰਜੀਤ ਨੂੰ ਵੋਟਰਾਂ ਵੱਲੋਂ ਭਾਰੀ ਹੁੰਗਾਰਾ ਮਿਲ ਰਿਹਾ ਹੈ। ਪਿੰਡ ਮੋਖੇ 'ਚ ਡੋਰ ਟੂ ਡੋਰ ਕੰਪੇਨ ਦੌਰਾਨ ਵੋਟਰ ਬਸਪਾ ਉਮੀਦਵਾਰ ਦਾ ਸਮਰਥਨ ਕਰ ਰਹੇ ਹਨ। ਵੋਟਰਾਂ ਨੇ ਬਸਪਾ ਉਮੀਦਵਾਰ ਨੂੰ ਭਰੋਸਾ ਦਿਵਾਇਆ ਕਿ ਇੱਕ -ਇੱਕ ਵੋਟ ਹਾਥੀ ਦੇ ਨਿਸ਼ਾਨ 'ਤੇ ਮੋਹਰ ਲਗਾ ਕੇ ਜਿਤਾਵਾਂਗੇ। ਬਸਪਾ ਉਮੀਦਵਾਰ ਵੋਟਰਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਵੋਟਾਂ ਹਾਥੀ ਨਿਸ਼ਾਨ 'ਤੇ ਮੋਹਰਾਂ ਲਾ ਕੇ ਕਾਮਯਾਬ ਬਣਾਓ। ਜਿਸ ਨਾਲ ਸਾਹਿਬ ਕਾਂਸ਼ੀ ਰਾਮ ਜੀ ਦਾ ਸੁਪਨਾ ਪੂਰਾ ਹੋ ਸਕੇ ਤੇ ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਬਹੁਜਨ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਦਾ ਕਾਫਲਾ ਅੱਗੇ ਵੱਧਦਾ ਜਾਵੇ। ਕੰਪੇਨ ਵਿੱਚ ਭਾਰੀ ਗਿਣਤੀ 'ਚ ਔਰਤਾਂ ਮੌਜੂਦ ਸਨ।



# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.


MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... £120

2) ਮਾਨਸਿਕ ਸ਼ਕਤੀ ਲਈ (NERVE TONIC) ... £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... £35
2) ... £35
3) ... (HEALTHY SPERMS) ... £40
4) ... £35
5) ... £35
6) ... £30
7) ... £25
8) ... £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :
(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE)

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders)

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।
LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P.) AND (NUTRI.)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')
INFORMATION ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES) ... (FLABBY & OUT OF SHAPE BELLY) ... FLAT ... TONED ... £69
ਨੁਸਖਾ ਨੰਬਰ 5 (IN CAPSULES) ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... VAGINAL LUBRICATION GEL / (MAGIC) — £49
ਨੁਸਖਾ ਨੰਬਰ 7 (IN CAPSULES) ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES) ... £59
ਨੁਸਖਾ ਨੰਬਰ 9 (IN CAPSULES) ... £59
ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP —— £59
ਨੁਸਖਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
ਨੁਸਖਾ ਨੰਬਰ 13 (IN VIALS) ... £89
ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), (Tonsilits), (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy) ...

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ... SPECIFIC BRANDS ...

| | | |
|---|---|---|
| PILAES | (IN OINTMENT) | £19 |
| NURALACO | (IN OINTMENT OR LOTION) | £19 |
| CHILLAGA | (IN OINTMENT OR LOTION) | £19 |
| ARNSTRA | (IN OINTMENT) ... (SPRAINS) ... (BED SORES) | £19 |
| BELINFLA | (IN OIL OR OINTMENT) | £19 |
| BELULCE | (IN OIL) ... ULCERS | £19 |
| BRYJOIN | (IN OIL) | £19 |
| CALWOUN | (IN OIL OR OINTMENT) | £19 |
| BURCAN | (IN LOTION OR OINTMENT) | £19 |
| ROUTUM | (IN OINTMENT) | £19 |
| JOINRHU | (IN OIL) | £19 |
| ASSSIL | (IN LOTION) | £19 |
| ITCSUL | (IN OIL) | £19 |
| WARTHU | (IN OIL) ... (WARTS) | £19 |

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਵਿਸ਼ਵ ਪੰਜਾਬੀ ਭਵਨ ਦੇ ਵਿਹੜੇ ਵਿੱਚ ਵਿਸ਼ਵ ਪੰਜਾਬੀ ਸਭਾ ਵੱਲੋਂ ਕਰਵਾਇਆ ਗਿਆ ਸੁਰਿੰਦਰ ਨੀਰ ਜੀ ਦਾ ਰੂਬਰੂ , ਸਨਮਾਨ ਸਮਾਰੋਹ ਅਤੇ ਕਵੀ ਦਰਬਾਰ ਯਾਦਗਾਰੀ ਹੋ ਨਿਬੜਿਆ

**ਬਰੈਂਪਟਨ ( ਰਮਿੰਦਰ ਵਾਲੀਆ )** ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ .ਦਲਬੀਰ ਸਿੰਘ ਕਥੂਰੀਆ ਜੀ " ਵੱਲੋਂ ਵਿਸ਼ਵ ਪੰਜਾਬੀ ਭਵਨ ਵਿਖੇ 7 ਦਸੰਬਰ ਦਿਨ ਐਤਵਾਰ ਨੂੰ ਬਾਦ ਦੁਪਹਿਰ 2 ਤੋਂ 4 ਵਜੇ ਤੱਕ ਨਾਮਵਰ ਲੇਖਿਕਾ , ਕਹਾਣੀਕਾਰ ਤੇ ਨਾਵਲਕਾਰ

ਸੁਰਿੰਦਰ ਨੀਰ ਦਾ ਰੂਬਰੂ , ਸਨਮਾਨ ਸਮਾਰੋਹ ਤੇ ਕਵੀ ਦਰਬਾਰ ਕਰਾਇਆ ਗਿਆ ਜੋ ਬਹੁਤ ਯਾਦਗਾਰੀ ਹੋ ਨਿਬੜਿਆ ।ਡਾ. ਕਥੂਰੀਆ ਜੀ ਨੇ ਜੰਮੂ ਤੋਂ ਆਏ ਸਾਡੇ ਮਹਿਮਾਨ ਸੁਰਿੰਦਰ ਨੀਰ ਜੀ ਅਤੇ ਵਿਸ਼ਵ ਪੰਜਾਬੀ ਭਵਨ ਦੇ ਵਿਹੜੇ ਵਿੱਚ ਬਿਰਾਜਮਾਨ ਸਭ ਮਹਿਮਾਨਾਂ ਨੂੰ ਨਿੱਘਾ ਜੀ ਆਇਆਂ ਕਿਹਾ ।ਕਥੂਰੀਆ ਜੀ ਨੇ ਕਿਹਾ ਕਿ ਕੋਈ ਵੀ ਸਾਹਿਤਕਾਰ ਜੱਦ ਕੈਨੇਡਾ ਵਿਸ਼ਵ ਪੰਜਾਬੀ ਭਵਨ ਦੇ ਵਿਹੜੇ ਵਿੱਚ ਆਉਂਦੇ ਹਨ ਤੇ ਸਾਨੂੰ ਬਹੁਤ ਖ਼ੁਸ਼ੀ ਹੁੰਦੀ ਹੈ । ਸਾਡੇ ਧੰਨਭਾਗ ਸੁਰਿੰਦਰ ਨੀਰ ਜੀ ਸਾਡੇ ਇਸ ਭਵਨ ਵਿੱਚ ਬਿਰਾਜੇ ਹਨ ।

ਇਸ ਸਾਰੇ ਪ੍ਰੋਗਰਾਮ ਨੂੰ ਪ੍ਰੋ. ਦਰਸ਼ਨ ਦੀਪ ਜੀ ਨੇ ਹੋਸਟ ਕੀਤਾ ।ਪ੍ਰੋ. ਦਰਸ਼ਨ ਦੀਪ ਜੀ ਨਾਮਵਰ ਸ਼ਾਇਰ ਅਤੇ ਮੰਝੇ ਹੋਏ ਬੁਲਾਰੇ ਹਨ ਤੇ ਬਾਕਮਾਲ ਹੋਸਟਿੰਗ ਕਰਦੇ ਹਨ । ਪ੍ਰੋ . ਦਰਸ਼ਨ ਦੀਪ ਜੀ ਨੇ ਸੁਰਿੰਦਰ ਨੀਰ ਜੀ ਦੇ ਸਾਹਿਤਕ ਸਫ਼ਰ ਤੇ ਉਹਨਾਂ ਦੇ ਜੀਵਨ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਤੇ ਇਹ ਵੀ ਦੱਸਿਆ ਕਿ ਪਿਛਲੇ ਸਾਲ ਸੁਰਿੰਦਰ ਨੀਰ ਨੂੰ ਉਹਨਾਂ ਦੇ ਕਹਾਣੀ ਸੰਗ੍ਰਹਿ ( ਟੈਬੂ ) ਨੂੰ ਢਾਹਾਂ ਅਵਾਰਡ ਮਿਲ ਚੁੱਕਿਆ ਹੈ ।ਉਹਨਾਂ ਨੇ ਸੁਰਿੰਦਰ ਨੀਰ ਅਤੇ ਸਰਪ੍ਰਸਤ ਇੰਦਰਜੀਤ ਸਿੰਘ ਬੱਲ ਨੂੰ ਮੰਚ ਤੇ ਆਉਣ ਦਾ ਸੱਦਾ ਦਿੱਤਾ ਤੇ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਕਿਹਾ । ਉਹਨਾਂ ਨੇ ਸੁਰਿੰਦਰ ਨੀਰ ਨੂੰ ਕਿਹਾ ਕਿ ਉਹ ਆਪ ਆਪਣੇ ਬਾਰੇ ਵਿਚਾਰਾਂ ਦੀ ਸਾਂਝ ਪਾਉਣ । ਆਪਣੇ ਜੀਵਨ ਅਤੇ ਸਿਰਜਣ ਪ੍ਰਕਿਰਿਆ ਬਾਰੇ ਆਪ ਦੱਸਣ ।ਸੁਰਿੰਦਰ ਨੀਰ ਜੀ ਨੇ ਆਪਣੇ ਬਾਰੇ ਬਹੁਤ ਖੁੱਲ ਕੇ ਗੱਲਾਂ ਕੀਤੀਆਂ ਜੋ ਬਹੁਤ ਦਿਲਚਸਪ ਵੀ ਸਨ , ਅਤੇ ਉਹਨਾਂ ਆਪਣੇ ਸਾਹਿਤਕ ਸਫ਼ਰ , ਨਾਵਲਾਂ ਅਤੇ ਕਹਾਣੀਆਂ ਬਾਰੇ ਵੀ ਡੀਟੇਲ ਵਿਚ ਦੱਸਿਆ ।ਕੁਝ ਸ਼ੇਅਰ ਵੀ ਸੁਣਾਏ ।ਉਹਨਾਂ ਦੇ ਰੂਬਰੂ ਤੇ ਜੋ ਵਿਚਾਰ ਉਹਨਾਂ ਸਾਂਝੇ ਕੀਤੇ ਉਹਨਾਂ ਨੂੰ ਦਰਸ਼ਕਾਂ ਨੇ ਖ਼ੂਬ ਸਲਾਹਿਆ । ਸੁਰਿੰਦਰ ਨੀਰ ਬਹੁਤ ਹੀ ਨਿਰਛੱਲ ਤੇ ਉੱਚੀ ਸੁੱਚੀ ਸੋਚ ਵਾਲੇ ਹਨ , ਉਹਨਾਂ ਦੀ ਕਹਿਣੀ ਕੱਥਨੀ ਇਕੋ ਜਿਹੀ ਹੈ । ਸੁਰਿੰਦਰ ਨੀਰ ਦੇ ਇਸ ਰੂਬਰੂ ਨੂੰ ਸ . ਇੰਦਰਜੀਤ ਸਿੰਘ






ਬੱਲ ਜੀ ਨੇ ਬਹੁਤ ਖ਼ੂਬਸੂਰਤ ਸ਼ਬਦਾਂ ਵਿੱਚ ਸੱਮ - ਅੱਪ ਕੀਤਾ । ਉਹਨਾਂ ਨੇ ਉਹਨਾਂ ਦੀਆਂ ਲਿਖਤਾਂ ਦੀ ਭਰਪੂਰ ਸਰਾਹਨਾ ਕੀਤੀ ਤੇ ਕਿਹਾ ਕਿ ਉਹ ਇਕ ਬਹਾਦਰ ਇਨਸਾਨ ਵੀ ਹਨ । ਉਹਨਾਂ ਦੇ ਭਵਨ ਵਿਚ ਆਉਣ ਦਾ ਵੀ ਨਿੱਘਾ ਸਵਾਗਤ ਕੀਤਾ ।

ਡਾ . ਦਲਬੀਰ ਸਿੰਘ ਕਥੂਰੀਆ ਜੀ ਨੇ ਦੱਸਿਆ ਕਿ ਨਾਮਵਰ ਮੀਡੀਆ ਪਰਸਨ ਵਰਿੰਦਰ ਸਿੰਘ ਨੂੰ ਵਿਸ਼ਵ ਪੰਜਾਬੀ ਸਭਾ ਕੈਨੇਡਾ ਦਾ ਸੀ . ਮੀਤ ਪ੍ਰਧਾਨ ਬਣਾ ਦਿੱਤਾ ਗਿਆ ਹੈ । ਵਰਿੰਦਰ ਜੀ ਨੂੰ ਸਭ ਨੇ ਮੁਬਾਰਕਾਂ ਵੀ ਦਿੱਤੀਆਂ ਤੇ ਆਪਣੇ ਵਿਚਾਰ ਵੀ ਸਾਂਝੇ ਕੀਤੇ । ਇਸਤੋਂ ਬਾਦ ਦੂਸਰਾ ਸੈਸ਼ਨ ਕਵੀ ਦਰਬਾਰ ਦਾ ਸੀ ਜਿਸ ਵਿਚ ਮੀਤਾ ਖੰਨਾ , ਰਿੰਟੂ ਭਾਟੀਆ , ਸੁਰਿੰਦਰ ਸੂਰ , ਤਜਿੰਦਰ ਕਾਲੜਾ , ਭੁਪਿੰਦਰ ਰਤਨ , ਸਤਵੰਤ ਕੌਰ , ਮਕਸੂਦ ਚੌਧਰੀ , ਅਮਰਜੀਤ ਸਿੰਘ ਸਿੱਧੂ , ਕਰਤਾਰ ਸਿੰਘ ਔਲਖ , ਹਰਪਾਲ ਸਿੰਘ ਭਾਟੀਆ , ਬਲਜੀਤ ਕੌਰ , ਜਗੀਰ ਸਿੰਘ ਕਾਹਲੋਂ ਅਤੇ ਤੇ ਹਾਜ਼ਰੀਨ ਹੋਰ ਸ਼ਾਇਰਾਂ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਪੇਸ਼ ਕਰਕੇ ਵਿਸ਼ਵ ਪੰਜਾਬੀ ਭਵਨ ਦੇ ਵਿਹੜੇ ਨੂੰ ਰੁਸ਼ਨਾ ਦਿੱਤਾ ।

ਚੇਅਰਮੈਨ ਡਾ . ਦਲਬੀਰ ਸਿੰਘ ਕਥੂਰੀਆ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ।

ਡਾ . ਕਥੂਰੀਆ ਜੀ ਦੇਸ਼ ਵਿਦੇਸ਼ ਵਿੱਚ ਮਾਂ ਬੋਲੀ ਪੰਜਾਬੀ , ਪੰਜਾਬੀਅਤ , ਕਲਾ , ਸਾਹਿਤ , ਪੰਜਾਬੀ ਸਭਿਆਚਾਰ ਤੇ ਪੰਜਾਬੀ ਵਿਰਸੇ ਨੂੰ ਪ੍ਰਫੁੱਲਿਤ ਕਰਨ ਲਈ ਬਹੁਤ ਯਤਨਸ਼ੀਲ ਹਨ ਤੇ ਉਹਨਾਂ ਵੱਲੋਂ ਕੀਤੇ ਜਾ ਰਹੇ ਇਹ ਉਪਰਾਲੇ ਬਹੁਤ ਸ਼ਲਾਘਾਯੋਗ ਹਨ ।

ਚੇਅਰਮੈਨ ਡਾ . ਦਲਬੀਰ ਸਿੰਘ ਕਥੂਰੀਆ ਤੇ ਚੇਅਰਪਰਸਨ ਰਮਿੰਦਰ ਵਾਲੀਆ ਵੱਲੋਂ ਮਹਿਮਾਨ ਸੁਰਿੰਦਰ ਨੀਰ ਨੂੰ ਫੁਲਕਾਰੀ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ । ਚਾਹ ਪਾਣੀ ਤੇ ਸਨੈਕਸ ਦਾ ਵਿਸ਼ੇਸ਼ ਪ੍ਰਬੰਧ ਸੀ , ਸਭਨੇ ਮਿਲਕੇ ਉਸਦਾ ਅਨੰਦ ਲਿਆ ਤੇ ਮੁੜ ਮਿਲਣ ਦਾ ਵਾਦਾ ਕਰ ਸਭਨੇ ਵਿਦਾ ਲਈ । ਸੁਰਿੰਦਰ ਨੀਰ ਜੀ ਦਾ ਰੂਬਰੂ , ਸਨਮਾਨ ਸਮਾਰੋਹ ਤੇ ਕਵੀ ਦਰਬਾਰ ਯਾਦਗਾਰੀ ਹੋ ਨਿਬੜਿਆ । ਧੰਨਵਾਦ ਸਹਿਤ।

**ਰਮਿੰਦਰ ਵਾਲੀਆ**
**ਚੇਅਰਪਰਸਨ**
**ਵਿਸ਼ਵ ਪੰਜਾਬੀ ਸਭਾ ਕੈਨੇਡਾ ।**

# ਪਿੰਡ ਉਪਲਾਂ ਵਿੱਚ ਸ਼ਹੀਦੀ ਸਮਾਗਮ 12 ਦਸੰਬਰ ਤੋਂ

**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ**
ਇਥੋਂ ਨਜ਼ਦੀਕੀ ਪਿੰਡ ਉਪਲਾਂ- ਸੰਘੇ ਦੇ ਵਿੱਚ ਹਰ ਸਾਲ ਹੀ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਧਾਰਮਿਕ ਪ੍ਰੋਗਰਾਮ ਕਰਵਾਇਆ ਜਾਂਦਾ ਹੈ। ਇਸ ਪ੍ਰੋਗਰਾਮ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਹਰਜੀਤ ਸਿੰਘ ਕੋਚ ਲੱਲ ਕਲਾ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 12 ਦਸੰਬਰ ਤੋਂ ਲੈ ਕੇ 16 ਦਸੰਬਰ ਤੱਕ ਸਮਾਗਮ ਕਰਵਾਇਆ ਜਾ ਰਿਹਾ ਹੈ। ਸਮਾਗਮ ਵਿੱਚ ਪੰਜ ਦੀਵਾਨਾਂ ਦੀ ਹਾਜ਼ਰੀ ਸ੍ਰੀ ਮਾਨ ਸੰਤ ਬਾਬਾ ਜਗਜੀਤ ਸਿੰਘ ਜੀ ਸੰਗਤਪੁਰੇ ਨੇੜੇ ਮੋਰਿੰਡਾ ਵਾਲੇ ਕੀਰਤਨ ਕਰਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਗੇ। ਸਮਾਂ 7 ਵਜੇ 10 ਵਜੇ ਤੱਕ ਦਾ ਹੋਵੇਗਾ। 6 ਦਸੰਬਰ ਤੋਂ 16 ਦਸੰਬਰ ਤੱਕ ਦੁੱਧ ਦੇ ਲੰਗਰ ਅਤੁੱਟ ਵਰਤਣਗੇ। ਬਾਹਰਲੇ ਪਿੰਡਾਂ ਤੋਂ ਆਈਆਂ ਸੰਗਤਾਂ ਨੂੰ ਸਤਿਕਾਰ ਵਜੋਂ ਗਰਮ ਕੰਬਲ, ਗਰਮ ਸ਼ਾਲ, ਸਟਾਲ ਦਾਨ ਵਜੋ ਭੇਟ ਕੀਤੇ ਜਾਣਗੇ। ਇਸ ਵਾਰ ਬੇਅੰਤ ਸੰਤ ਮਹਾਂਪੁਰਸ਼ ਸੰਗਤਾਂ ਦੇ ਦਰਸ਼ਨ ਕਰਨਗੇ। 5 ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ। ਸੇਵਕ 24 ਟੀਵੀ ਚੈਨਲ ਅਤੇ ਸੰਗਤਪੁਰਾ ਟੀ ਵੀ ਚੈਨਲ ਤੇ ਸਾਰਾ ਸਮਾਗਮ ਲਾਈਵ ਹੋਵੇਗਾ। ਸੰਗਤਾਂ ਨੂੰ ਬੇਨਤੀ ਹੈ ਕਿ ਸਮੇਂ ਸਿਰ ਪਹੁੰਚ ਕੇ ਸੇਵਾ ਸਿਮਰਨ ਕਰਕੇ ਆਪਣੇ ਜੀਵਨ ਨੂੰ ਸਫਲ ਕਰੋ ਜੀ।



# ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਦਾ 70ਵਾਂ ਪਰਿਨਿਰਵਾਣ ਦਿਵਸ ਧੂਮ ਧਾਮ ਨਾਲ ਮਨਾਇਆ

## ਭਾਰਤੀ ਸੰਵਿਧਾਨ ਸਮਾਜਿਕ ਨਿਆਂ ਦਾ ਪਵਿੱਤਰ ਦਸਤਾਵੇਜ਼- ਪ੍ਰੋ. ਮਨਜੀਤ ਸਿੰਘ










ਮੁਖ ਮਹਿਮਾਨ ਦਾ ਸਨਮਾਨ ਕਰਦੇ ਅੰਬੇਡਕਰ ਭਵਨ ਦੇ ਟਰੱਸਟੀ ਅਤੇ ਹੋਰ ਪਤਵੰਤੇ ਸੱਜਣ 2. ਸਮਾਗਮ ਦੀਆਂ ਕੁਝ ਝਲਕੀਆਂ







**ਜਲੰਧਰ (ਸਮਾਜ ਵੀਕਲੀ ) :** ਅੰਬੇਡਕਰ ਭਵਨ ਟਰੱਸਟ ਦੁਆਰਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ 70ਵੇਂ ਪਰਿਨਿਰਵਾਣ ਦਿਵਸ ਮੌਕੇ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ. ਜਲੰਧਰ ਵਿਖੇ ਇੱਕ ਵਿਸ਼ਾਲ ਸਮਾਗਮ ਦਾ ਆਯੋਜਨ ਕੀਤਾ ਗਿਆ।

ਇਸ ਸਮਾਗਮ ਵਿੱਚ ਹੋਰ ਬੁੱਧੀਜੀਵੀ ਬੁਲਾਰਿਆਂ ਤੋਂ ਇਲਾਵਾ ਪ੍ਰੋ. (ਡਾ.) ਮਨਜੀਤ ਸਿੰਘ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਮੁੱਖ ਬੁਲਾਰੇ ਵਜੋਂ ਸ਼ਾਮਿਲ ਹੋਏ। ਸਮਾਗਮ ਦੀ ਸ਼ੁਰੂਆਤ ਅੰਬੇਡਕਰ ਭਵਨ ਦੇ ਟਰੱਸਟੀ ਸ੍ਰੀ ਹਰਮੇਸ਼ ਜੱਸਲ ਦੁਆਰਾ ਬੁੱਧ ਬੰਦਨਾ, ਤ੍ਰਿਸ਼ਣ ਅਤੇ ਪੰਚਸ਼ੀਲ ਦਾ ਪਾਠ ਉਚਾਰਨ ਕਰਨ ਉਪਰੰਤ ਕੀਤੀ ਗਈ।

ਪ੍ਰੋ. ਮਨਜੀਤ ਸਿੰਘ ਨੇ ਆਪਣੇ ਭਾਸ਼ਣ 'ਚ ਕਿਹਾ ਕਿ ਡਾ. ਅੰਬੇਡਕਰ ਸਧਾਰਨ ਪਰਿਵਾਰ ਅਤੇ ਅਖੌਤੀ ਅਛੂਤ ਸਮਾਜ ਵਿੱਚੋਂ ਉੱਠ ਕੇ ਸਮਾਜਿਕ ਇਨਸਾਫ ਦੇ ਪਵਿੱਤਰ ਦਸਤਾਵੇਜ਼ 'ਭਾਰਤੀ ਸੰਵਿਧਾਨ' ਦੇ ਨਿਰਮਾਤਾ ਬਣੇ, ਜਿਸ ਦੁਆਰਾ ਜਾਤ-ਪਾਤ ਦੀ ਜਨਨੀ ਮਨੂ ਸਿਮਰਤੀ ਦੀ ਵਿਚਾਰਧਾਰਾ ਨੂੰ ਖਤਮ ਕਰਕੇ ਭਾਰਤ ਵਿੱਚ ਸਮਤਾ, ਸੁਤੰਤਰਤਾ, ਭਾਈਚਾਰਕ ਏਕਤਾ ਅਤੇ ਨਿਆਂ ਅਧਾਰਤ ਸਮਾਜਕ ਵਿਵਸਥਾ ਦੀ ਸਥਾਪਨਾ ਕਰਨ ਦਾ ਪ੍ਰਸ਼ੰਸਾ ਯੋਗ ਉਪਰਾਲਾ ਕੀਤਾ। ਉਨ੍ਹਾਂ ਕਿਹਾ ਕਿ ਹਿੰਦੂਤਵ ਦੇ ਅਜੰਡੇ ਨੇ ਸਭ ਕੁਝ ਤਹਿਸ-ਨਹਿਸ ਕਰ ਦਿੱਤਾ ਹੈ। ਉਨ੍ਹਾਂ ਨੇ ਵਰਤਮਾਨ ਰਾਜਨੀਤਕ ਮਾਹੌਲ ਸਮੇਤ ਉੱਚ ਵਿੱਦਿਅਕ ਅਦਾਰਿਆਂ ਵਿੱਚ ਰੂੜੀਵਾਦੀਆਂ ਦੇ ਵਧ ਰਹੇ ਪ੍ਰਭਾਵ ਅਤੇ ਦਲਿਤਾਂ, ਕਾਮੇ, ਕਿਰਤੀਆਂ ਅਤੇ ਕਿਸਾਨਾਂ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਨੂੰ ਕਮਜ਼ੋਰ ਕੀਤੇ ਜਾਣ ਦੇ ਨਾਲ ਕਿਸਾਨਾਂ ਅਤੇ ਵਿਦਿਆਰਥੀਆਂ ਦੇ ਅੰਦੋਲਨ ਦੀ ਮਾਣਮੱਤੀ ਸਫਲਤਾ ਦਾ ਜ਼ਿਕਰ ਵੀ ਕੀਤਾ। ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ ਤਥਾਗਤ ਬੁੱਧ ਤੋਂ ਬਾਅਦ ਵਰਣ-ਵਿਵਸਥਾ ਅਤੇ ਜਾਤ-ਪਾਤੀ ਵਿਵਸਥਾ ਤੇ ਸਭ ਤੋਂ ਕਰਾਰਾ ਹਮਲਾ ਡਾ. ਅੰਬੇਡਕਰ ਨੇ ਕੀਤਾ, ਪਰ ਅਖੌਤੀ ਉੱਚ ਵਰਗਾਂ ਦੀ ਮਾਨਸਿਕਤਾ ਵਿੱਚ ਇਹ ਭਾਵਨਾ ਹਾਲੇ ਵੀ ਮੌਜੂਦ ਹੈ। ਬਾਬਾ ਸਾਹਿਬ ਦੇ 70ਵੇਂ ਪ੍ਰੀ ਨਿਰਵਾਣ ਦਿਵਸ ਤੇ ਸ਼ਰਧਾਂਜਲੀ ਸਮਾਗਮ ਦੇ ਆਰੰਭ ਵਿੱਚ ਅੰਬੇਡਕਰ ਭਵਨ ਟਰਸਟ ਦੇ ਜਨਰਲ ਸਕੱਤਰ ਡਾ. ਜੀ.ਸੀ. ਕੌਲ ਨੇ ਮੁੱਖ ਬੁਲਾਰੇ ਪ੍ਰੋ. ਮਨਜੀਤ ਸਿੰਘ ਦਾ ਉਨ੍ਹਾਂ ਦੀਆਂ ਅਕਾਦਮਿਕ ਪ੍ਰਾਪਤੀਆਂ ਅਤੇ ਸਮਾਜਿਕ ਗਤੀਵਿਧੀਆਂ ਬਾਰੇ ਜ਼ਿਕਰ ਕਰਦਿਆਂ ਡਾ. ਅੰਬੇਡਕਰ ਜੀ ਦੇ ਨਾਲ ਜੁੜੀ ਹੋਈ ਇਤਿਹਾਸਿਕ ਭੂਮੀ ਅੰਬੇਡਕਰ ਭਵਨ ਵਿਖੇ ਪਧਾਰਨ ਲਈ ਜੀ ਆਇਆ ਕਿਹਾ। ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਮਹਾਨ ਚਿੰਤਕ ਸਨ ਅਤੇ ਉਨ੍ਹਾਂ ਦੇ ਪਰਿਨਿਰਵਾਣ ਉਪਰੰਤ ਅੰਬੇਡਕਰੀ ਵਿਚਾਰਧਾਰਾ ਪੂਰੇ ਵਿਸ਼ਵ ਵਿੱਚ ਪ੍ਰਕਾਸ਼ਮਾਨ ਹੋ ਰਹੀ ਹੈ। ਟਰੱਸਟ ਦੇ ਚੇਅਰਮੈਨ ਸ੍ਰੀ ਸੋਹਨ ਲਾਲ ਨੇ ਕਿਹਾ ਕਿ ਡਾ. ਅੰਬੇਡਕਰ ਨੇ ਸੰਵਿਧਾਨ ਦੁਆਰਾ ਸਮਾਜਿਕ ਭਿੰਨਤਾ ਨੂੰ ਖਤਮ ਕਰਨ ਤੋਂ ਇਲਾਵਾ ਵਿਗਿਆਨਿਕ ਸੋਚ ਨੂੰ ਬੜ੍ਹਾਵਾ ਦੇਣ ਦੇ ਨਾਲ ਭਾਰਤ ਵਿੱਚ ਸਮਾਨਤਾ, ਆਜ਼ਾਦੀ ਅਤੇ ਭਰੱਪਣ ਦਾ ਵਾਤਾਵਰਨ ਪੈਦਾ ਕੀਤਾ। ਉਨ੍ਹਾਂ ਨੇ ਬਾਬਾ ਸਾਹਿਬ ਦੁਆਰਾ ਖੇਤੀਬਾੜੀ ਦੇ ਵਿਕਾਸ ਲਈ ਸਿੰਚਾਈ ਸਾਧਨਾ ਨੂੰ ਵਿਕਸਿਤ ਕਰਨ, ਡੈਮ ਬਣਾਉਣ, ਰਿਜ਼ਰਵ ਬੈਂਕ ਦੀ ਸਿਰਜਣਾ ਪਿੱਛੇ ਉਨ੍ਹਾਂ ਦੀ ਸੋਚ ਅਤੇ ਆਧੁਨਿਕ ਭਾਰਤ ਦੀ ਉਸਾਰੀ ਲਈ ਕੀਤੇ ਅਨੇਕ ਕੰਮਾਂ ਦਾ ਜ਼ਿਕਰ ਵੀ ਕੀਤਾ। ਉਨ੍ਹਾਂ ਨੇ ਆਏ ਹੋਏ ਮਹਿਮਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਚਰਨ ਦਾਸ ਸੰਧੂ ਅਤੇ ਬੀਬੀ ਮੋਹਿੰਦੋ ਰੱਤੂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਸਮਾਗਮ ਵਿੱਚ ਸਰਬ ਸ਼੍ਰੀ ਬਲਦੇਵ ਰਾਜ ਭਾਰਦਵਾਜ, ਡਾ. ਟੀ. ਐਲ. ਸਾਗਰ, ਪ੍ਰੋ. ਬਲਵੀਰ, ਪ੍ਰੋ. ਅਰਿੰਦਰ ਸਿੰਘ, ਪ੍ਰੋ. ਅਸ਼ਨੀ ਜੱਸਲ, ਸਾਬਕਾ ਰਾਜਦੂਤ ਰਮੇਸ਼ ਚੰਦਰ, ਮਹਿੰਦਰ ਸੱਲ੍ਹਣ, ਸੁਜਾਤਾ ਸੱਲ੍ਹਣ, ਸਿਧਾਰਥ ਭਾਰਦਵਾਜ, ਗੁਰਦੀਪ ਸਿੰਘ ਅਸਿਸਟੈਂਟ ਐਡਵੋਕੇਟ ਜਨਰਲ ਪੰਜਾਬ, ਤਿਲਕ ਰਾਜ, ਜੋਤੀ ਪ੍ਰਕਾਸ਼, ਨਿਰਮਲ ਬਿੰਜੀ, ਡਾ. ਮਹਿੰਦਰ ਸੰਧੂ, ਪਿਸ਼ੌਰੀ ਲਾਲ ਸੰਧੂ, ਸੂਰਜ ਪ੍ਰਕਾਸ਼ ਵਿਰਦੀ, ਰਜਿੰਦਰ ਜੱਸਲ, ਐਡ. ਮੋਹਨ ਲਾਲ ਫ਼ਿਲੌਰੀਆ,ਐਡ. ਮਧੂ ਰਚਨਾ, ਰਮੇਸ਼ ਚੋਕਾਂ, ਪਰਮਜੀਤ ਮਹੇ, ਚਮਨ ਦਾਸ ਸਾਂਪਲਾ, ਮਲਕੀਤ ਸਿੰਘ, ਐਸ ਐਸ ਭੱਟੀ, ਚਰੰਜੀ ਲਾਲ ਕੰਗਣੀਵਾਲ, ਰਵੀ ਏਐਸਆਈ, ਹਰੀ ਸਿੰਘ ਥਿੰਦ, ਪ੍ਰਿੰਸੀਪਲ ਕੇ. ਐੱਸ. ਫੁੱਲ, ਲੇਖ ਰਾਜ ਜਸਲ, ਤੀਰਥ ਭਾਰਦਵਾਜ, ਡਾ. ਗੁਰਨਾਮ ਸਿੰਘ ਅਤੇ ਸੁਖਚਰਨ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਹ ਜਾਣਕਾਰੀ ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਕੇ ਦਿੱਤੀ।

**ਬਲਦੇਵ ਰਾਜ ਭਾਰਦਵਾਜ**
**ਵਿੱਤ ਸਕੱਤਰ**
**ਅੰਬੇਡਕਰ ਭਵਨ ਟਰੱਸਟ**
**(ਰਜਿ.), ਜਲੰਧਰ**

## 27 ਵਾਂ ਰਾਜ ਪੱਧਰੀ ਸ਼ਹੀਦ ਏ ਆਜ਼ਮ ਸ. ਭਗਤ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਦਾ ਪੰਜਵਾਂ ਦਿਨ

# ਨਾਮਧਾਰੀ ਫੁੱਟਬਾਲ ਅਕੈਡਮੀ ਭੈਣੀ ਸਾਹਿਬ ਅਤੇ ਦਲਬੀਰ ਫੁੱਟਬਾਲ ਅਕੈਡਮੀ ਪਟਿਆਲਾ ਇੱਕ ਲੱਖ ਰੁਪਏ ਦੇ ਇਨਾਮ ਲਈ ਫਾਈਨਲ ਵਿੱਚ ਭਿੜਨਗੀਆਂ ਟੀਮਾਂ

### ਗੁਰੂ ਹਰਗੋਬਿੰਦ ਫੁੱਟਬਾਲ ਟੀਮ ਬੰਗਾ ਅਤੇ ਦਲਵੀਰ ਅਕੈਡਮੀ ਪਟਿਆਲਾ ਵਿਚਕਾਰ ਮੈਚ ਬਹੁਤ ਹੀ ਰੌਚਿਕ ਹੋਇਆ







**ਬੰਗਾ( ਚਰਨਜੀਤ ਸੱਲ੍ਹਾਂ )**
27 ਵਾਂ ਰਾਜ ਪੱਧਰੀ ਸ਼ਹੀਦ ਏ ਆਜ਼ਮ ਸ. ਭਗਤ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਖੇਡ ਮੈਦਾਨ ਮਹਿੰਗਾ ਸਿੰਘ ਪਵੇਲੀਅਨ ਵਿਖੇ ਸ. ਹਰਦੇਵ ਸਿੰਘ ਕਾਹਮਾ ਸਰਪ੍ਰਸਤ ਫੁੱਟਬਾਲ ਟੂਰਨਾਮੈਂਟ ਕਮੇਟੀ ਦੀ ਅਗਵਾਈ ਹੇਠ ਕਰਵਾਇਆ ਜਾ ਰਿਹਾ ਹੈ। ਛੇ ਦਿਨ ਚੱਲਣ ਵਾਲੇ ਇਸ ਟੂਰਨਾਮੈਂਟ ਦੇ ਪੰਜਵੇਂ ਦਿਨ ਦੀ ਖੇਡ ਦੇ ਪਹਿਲੇ ਹਾਫ ਦਾ ਆਰੰਭ ਮੁੱਖ ਮਹਿਮਾਨ ਦਵਿੰਦਰ ਖਾਨਖਾਨਾ ਅਤੇ ਦੂਜੇ ਹਾਫ ਦਾ ਆਰੰਭ ਸਵਰਗਵਾਸੀ ਬਚਨ ਸਿੰਘ ਦੇ ਪੋਤੇ ਤੇ ਸ. ਬਿਕਰ ਸਿੰਘ ਦੇ ਬੇਟੇ ਅਕਾਸ਼ਦੀਪ ਸਿੰਘ ਸੈਣੀ, ਲਵਪ੍ਰੀਤ ਸਿੰਘ ਸੈਣੀ ਵੱਲੋਂ ਸਾਂਝੇ ਤੌਰ ਤੇ ਟੀਮਾਂ ਨਾਲ ਜਾਣ ਪਹਿਚਾਣ ਉਪਰੰਤ ਕੀਤਾ। ਇਸ ਮੌਕੇ ਉਹਨਾਂ ਦੇ ਨਾਲ ਹਰਜੀਤ ਸਿੰਘ ਮਾਹਲ ਪ੍ਰਬੰਧਕੀ ਸਕੱਤਰ, ਨਰਿੰਦਰ ਸਿੰਘ ਰੰਧਾਵਾ, ਗੁਰਦਿਆਲ ਸਿੰਘ ਜਗਤਪੁਰ, ਅਜੀਤ ਸਿੰਘ ਖਾਨਖਾਨਾ, ਕਸ਼ਮੀਰੀ ਲਾਲ ਮੰਗੂਵਾਲ ਸਨ। ਇਸ ਮੌਕੇ ਮੁੱਖ ਮਹਿਮਾਨਾਂ ਨੇ ਕਿਹਾ ਕਿ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਇਸ ਤਰਾਂ ਦੇ ਟੂਰਨਾਮੈਂਟ ਦੇਖ ਕੇ ਛੋਟੇ ਬੱਚੇ ਵੀ ਖੇਡਾਂ ਖੇਡਣ ਲਈ ਅਕਰਸ਼ਿਤ ਹੁੰਦੇ ਹਨ। ਪੰਜਵੇਂ ਦਿਨ ਦਾ ਪਹਿਲਾ ਮੈਚ ਪੰਜਾਬ ਪੁਲਿਸ ਜਲੰਧਰ ਤੇ ਨਾਮਧਾਰੀ ਫੁੱਟਬਾਲ ਕਲੱਬ ਭੈਣੀ ਸਾਹਿਬ ਵਿਚਕਾਰ ਖੇਡਿਆ ਗਿਆ ਜਿਸਦੇ ਪਹਿਲੇ ਹਾਫ ਵਿੱਚ ਭੈਣੀ ਸਾਹਿਬ ਦੀ ਟੀਮ ਨੇ ਦੋ ਗੋਲ ਕਰਕੇ ਬੜ੍ਹਤ ਬਣਾ ਲਈ ਅੰਤ 2-0 ਨਾਲ ਨਾਮਧਾਰੀ ਫੁੱਟਬਾਲ ਕਲੱਬ ਭੈਣੀ ਸਾਹਿਬ ਦੀ ਟੀਮ ਨੇ ਮੈਚ ਜਿੱਤਕੇ ਫਾਈਨਲ ਵਿੱਚ ਸਥਾਨ ਪੱਕਾ ਕਰ ਲਿਆ। ਪੰਜਵੇਂ ਦਿਨ ਦਾ ਦੂਜਾ ਮੈਚ ਦਲਬੀਰ ਫੁੱਟਬਾਲ ਅਕੈਡਮੀ ਪਟਿਆਲਾ ਅਤੇ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਫੁੱਟਬਾਲ ਅਕੈਡਮੀ ਬੰਗਾ ਵਿਚਕਾਰ ਖੇਡਿਆ ਗਿਆ। ਇਸ ਮੈਚ ਦਾ ਉਦਘਾਟਨ ਵਿੱਕੀ ਬਾਠ, ਧਰਮਿੰਦਰ ਸਿੰਘ ਧੰਮਾ ਸਾਬਕਾ ਬੀਐਸਐਫ ਫੁੱਟਬਾਲ ਪਲੇਅਰ, ਲੈਕਚਰਾਰ ਸ਼ੰਕਰ ਦਾਸ, ਗੁਰਸ਼ਰਨ ਸਿੰਘ, ਦਵਿੰਦਰ ਸਿੰਘ ਫੌਜੀ ਵਲੋਂ ਟੀਮਾਂ ਨਾਲ ਜਾਣ ਪਹਿਚਾਣ ਕਰਕੇ ਮੈਚ ਆਰੰਭ ਕਰਵਾਇਆ। ਉਹਨਾਂ ਦੇ ਨਾਲ ਗੁਰਦਿਆਲ ਸਿੰਘ ਜਗਤਪੁਰ, ਹਰਜੀਤ ਸਿੰਘ ਮਾਹਲ ਹਾਜਰ ਸਨ। ਇਸ ਮੈਚ ਵਿੱਚ ਦਲਬੀਰ ਫੁੱਟਬਾਲ ਅਕੈਡਮੀ ਪਟਿਆਲਾ ਨੇ ਪਹਿਲੇ ਹਾਫ ਵਿੱਚ ਦੋ ਗੋਲ ਕੀਤੇ ਅਤੇ ਦੂਜੇ ਹਾਫ ਵਿੱਚ ਬੰਗਾ ਦੀ ਟੀਮ ਨੇ ਇੱਕ ਗੋਲ ਕੀਤਾ। ਦੋਹਾਂ ਟੀਮਾਂ ਵਲੋਂ ਬੜਾ ਹੀ ਸ਼ਾਨਦਾਰ ਮੈਚ ਖੇਡਿਆ ਗਿਆ ਤੇ ਅੰਤ ਵਿੱਚ ਦਲਬੀਰ ਫੁੱਟਬਾਲ ਅਕੈਡਮੀ ਪਟਿਆਲਾ ਦੀ ਟੀਮ ਨੇ 2-1 ਨਾਲ ਮੈਚ ਜਿੱਤ ਲਿਆ। ਇਸ ਮੌਕੇ ਪ੍ਰਧਾਨ ਸ. ਨਰਿੰਦਰ ਸਿੰਘ ਰੰਧਾਵਾ ਨੇ ਸਮੂਹ ਸਹਿਯੋਗੀ ਸੱਜਣਾਂ, ਐਨਆਰਆਈ ਵੀਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਟੂਰਨਾਮੈਂਟ ਹਰ ਸਾਲ ਦੀ ਤਰਾਂ ਇਸ ਵਾਰ ਵੀ ਪ੍ਰਬੰਧਕਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਟੂਰਨਾਮੈਂਟ ਦੀ ਜੇਤੂ ਕਲੱਬ ਨੂੰ 1 ਲੱਖ ਰੁਪਏ ਅਤੇ ਆਕਰਸ਼ਕ ਟ੍ਰਾਫ਼ੀ ਨਾਲ ਸਨਮਾਨਿਤ ਕੀਤਾ ਜਾਵੇਗਾ । ਉੱਪ ਜੇਤੂ ਟੀਮ ਨੂੰ 75 ਹਜ਼ਾਰ ਰੁਪਏ ਅਤੇ ਆਕਰਸ਼ਕ ਟ੍ਰਾਫ਼ੀ ਨਾਲ ਸਨਮਾਨਤ ਕੀਤਾ ਜਾਵੇਗਾ। ਹਰ ਟੀਮ ਨੂੰ 9 ਹਜਾਰ ਰੁਪਏ ਟੀਏਡੀਏ ਦਿੱਤਾ ਜਾਵੇਗਾ। ਇਸ ਮੌਕੇ ਕਮੇਟੀ ਦੇ ਸਰਪ੍ਰਸਤ ਸ. ਹਰਦੇਵ ਸਿੰਘ ਕਾਹਮਾ, ਪ੍ਰਧਾਨ ਨਰਿੰਦਰ ਸਿੰਘ ਰੰਧਾਵਾ, ਪ੍ਰਬੰਧਕੀ ਸਕੱਤਰ ਹਰਜੀਤ ਸਿੰਘ ਮਾਹਲ, ਪ੍ਰੈਸ ਸਕੱਤਰ ਤਲਵਿੰਦਰ ਸ਼ੇਰਗਿੱਲ, ਖਜਾਨਚੀ ਕਸ਼ਮੀਰੀ ਲਾਲ ਮੰਗੂਵਾਲ, ਉਪ ਪ੍ਰਧਾਨ ਗੁਰਦਿਆਲ ਸਿੰਘ ਜਗਤਪੁਰ, ਪ੍ਰਿੰਸੀਪਲ ਤਰਸੇਮ ਸਿੰਘ ਭਿੰਡਰ, ਜਸਵੀਰ ਸਿੰਘ ਰਾਏ। ਐਡਵੋਕੇਟ, ਜਗਜੀਤ ਸਿੰਘ ਰੰਧਾਵਾ, ਜਰਨੈਲ ਸਿੰਘ ਪੱਲੀਝਿੱਕੀ, ਸੁਰਿੰਦਰ ਸਿੰਘ ਖਾਲਸਾ ਉਪ ਪ੍ਰਧਾਨ ਕਮੇਟੀ, ਪ੍ਰੋਫੈਸਰ ਪਰਗਣ ਸਿੰਘ ਅਟਵਾਲ, ਰਘਵੀਰ ਸਿੰਘ ਕਾਲਾ, ਜਗਤਾਰ ਝਿੱਕਾ, ਜਸਵੰਤ ਖਟਕੜ, ਜਸਵੀਰ ਸਿੰਘ ਮੰਗੂਵਾਲ, ਕਸ਼ਮੀਰ ਸਿੰਘ, ਗੁਦਾਵਰ ਸਿੰਘ, ਡਾਕਟਰ ਗੁਰਮੀਤ ਸਰਾਂ, ਡਾ. ਤਰਸੇਮ ਸਲੋਹ, ਅਜੀਤ ਸਿੰਘ ਖਾਨਖਾਨਾ, ਸਰਬਜੀਤ ਸਿੰਘ ਮੰਗੂਵਾਲ, ਬਲਜੀਤ ਸਿੰਘ ਸਿੱਧੂ, ਸ਼ਰਨਜੀਤ ਸਿੰਘ, ਫੁੱਟਬਾਲ ਕੋਚ ਸਤਵੀਰ ਸਿੰਘ ਸੱਤੀ, ਕਸ਼ਮੀਰਾ ਸਿੰਘ, ਅਮਨਦੀਪ ਸਿੰਘ ਥਾਂਦੀ, ਪ੍ਰਿੰਸੀਪਲ ਜਤਿੰਦਰ ਮੋਹਨ, ਪਰਮਜੀਤ ਸਿੰਘ ਕਾਲਜ ਸੁਪਰਡੈਂਟ, ਲੈਕਚਰਾਰ ਸ਼ੰਕਰ ਦਾਸ, ਜਸਵੀਰ ਭਾਰਟਾ ਕੋਚ, ਗੁਰਪਾਲ ਸਿੰਘ ਮੈਨੇਜਰ ਡੀਸੀਬੀ, ਕੁਲਵਿੰਦਰ ਸਿੰਘ ਢਾਂਡੀਆ, ਦਵਿੰਦਰ ਖਾਨਖਾਨਾ, ਪੰਮਾ ਸੂਰਾਪੁਰੀਆ, ਜੋਗਿੰਦਰ ਸਿੰਘ ਕਲਸੀ, ਤਰਲੋਚਨ ਸਿੰਘ ਪੂੰਨੀ, ਨੰਬਰਦਾਰ ਸਵਰਨ ਸਿੰਘ ਕਾਹਮਾ, ਵੈਟਨਰ ਅਥਲੀਟ ਰਬਿੰਦਰ ਸਿੰਘ ਕਲੇਰ, ਸੁੱਚਾ ਸਿੰਘ, ਪਿਆਰਾ ਸਿੰਘ ਆਦਿ ਹਾਜਰ ਸਨ।

# ਸੋਮ ਨਾਥ ਮਾਹੀ ਜੀ ਦੇ ਸਦੀਵੀਂ ਵਿਛੋੜੇ 'ਤੇ ਡਾ. ਅੰਬੇਡਕਰ ਸਕੂਲ ਬੁਲੰਦਪੁਰ 'ਚ ਮੌਨ ਵਰਤ ਰੱਖਿਆ

**ਜਲੰਧਰ (ਪਰਮਜੀਤ ਜੱਸਲ)**-ਅੱਜ ਸਤਿਕਾਰਯੋਗ ਸ੍ਰੀ ਸੋਮਨਾਥ ਮਾਹੀ ਸਾਬਕਾ ਚੀਫ ਇੰਜੀਨੀਅਰ ਪਾਵਰ ਕੌਮ ਦੇ ਬੇਵਕਤ ਸਦੀਵੀ ਵਿਛੋੜੇ 'ਤੇ ਡਾ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ 'ਚ 2 ਮਿੰਟ ਦਾ ਮੌਨ ਰੱਖਿਆ ਗਿਆ। ਸ੍ਰੀ ਮਾਹੀ ਜੀ ਨੂੰ ਯਾਦ ਕਰਦਿਆਂ ਪ੍ਰਿੰਸੀਪਲ ਪਰਮਜੀਤ ਜੱਸਲ ਨੇ ਕਿਹਾ ਕਿ ਸ੍ਰੀ ਮਾਹੀ ਜੀ ਇੱਕ ਬੁੱਧੀਜੀਵੀ, ਇਮਾਨਦਾਰ, ਮਿਹਨਤੀ ਅਫਸਰ ਸਨ। ਉਹ ਸਮਾਜ ਦੇ ਸੋਸ਼ਲ ਕੰਮਾਂ ਵਿੱਚ ਕਾਫੀ ਸਰਗਰਮ ਸਨ। ਉਨਾਂ ਦੇ ਜਾਣ ਨਾਲ ਪਰਿਵਾਰ, ਬਹੁਜਨ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਦੀ ਮੂਵਮੈਂਟ ਨੂੰ ਬਹੁਤ ਵੱਡਾ ਘਾਟਾ ਪਿਆ। ਉਨਾਂ ਦੀਆਂ ਸਕੂਲ ਪ੍ਰਤੀ ਕੀਤੀਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।



# ਦੇਸ਼ ਦੇ ਸੰਵਿਧਾਨ ਨੂੰ ਬਚਾਉਣਾ, ਸਮੇਂ ਦੀ ਅਹਿਮ ਲੋੜ ਹੈ : ਢੇਸੀਵਾਲ

### ਗੁਰੂ ਰਵਿਦਾਸ ਸੁਸਾਇਟੀ ਨੇ ਪ੍ਰੀ-ਨਿਰਵਾਣ ਦਿਵਸ ਮਨਾਇਆ





**ਫ਼ਰੀਦਕੋਟ ( ਸ਼ਿਵਨਾਥ ਦਰਦੀ )**
''ਅੱਜ ਕੱਲ ਦੇਸ਼ ਦੇ ਸੰਵਿਧਾਨ ਦੇ ਮੌਲਿਕ ਢਾਂਚੇ ਵਿੱਚ ਸੋਧਾਂ ਕਰਨ ਦੇ ਬਹਾਨੇ ਨਾਲ, ਇਸ ਦੀ ਮੂਲ ਭਾਵਨਾ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਹ ਕੋਸ਼ਿਸ਼ਾਂ ਦੇਸ਼ ਦੇ ਭਵਿੱਖ ਲਈ ਗੰਭੀਰ ਖਤਰਾ ਹਨ। ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਅਤੇ ਸਹੀ ਢੰਗ ਨਾਲ ਲਾਗੂ ਕਰਵਾਉਣਾ ਅਜੋਕੇ ਸਮੇਂ ਦੀ ਸਭ ਤੋਂ ਅਹਿਮ ਲੋੜ ਹੈ।'' ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਸਥਾਨਕ ਬਲਬੀਰ ਬਸਤੀ ਸਥਿਤ ਸ੍ਰੀ ਗੁਰੂ ਰਵਿਦਾਸ ਮੰਦਰ ਵਿਖੇ ਡਾ. ਅੰਬੇਡਕਰ ਪ੍ਰੀ-ਨਿਰਵਾਣ ਦਿਵਸ ਸਬੰਧੀ ਆਯੋਜਿਤ ਵਿਸ਼ੇਸ਼ ਮੀਟਿੰਗ ਦੌਰਾਨ ਉਚੇਚੇ ਤੌਰ 'ਤੇ ਪਹੁੰਚੇ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੇ ਸੰਸਥਾਪਕ ਚੇਅਰਮੈਨ ਜਗਦੀਸ਼ ਰਾਏ ਢੇਸੀਵਾਲ ਨੇ ਆਪਣੇ ਸੰਬੋਧਨ ਵਿੱਚ ਕੀਤਾ। ਢੇਸੀਵਾਲ ਨੇ ਅੱਗੇ ਕਿਹਾ ਕਿ ਡਾ. ਅੰਬੇਡਕਰ ਦੀਆਂ ਲਿਖਤਾਂ ਨੂੰ ਪੜ੍ਹ ਕੇ ਉਨ੍ਹਾਂ ਦੇ ਅਧੂਰੇ ਮਿਸ਼ਨ ਨੂੰ ਪੂਰਾ ਕਰਨਾ ਸਾਡਾ ਸਭਨਾਂ ਦੀ ਜ਼ਿੰਮੇਵਾਰੀ ਬਣਦੀ ਹੈ। ਸਥਾਨਕ ਸ੍ਰੀ ਗੁਰੂ ਰਵਿਦਾਸ ਸੁਸਾਇਟੀ (ਰਜਿ.) ਵੱਲੋਂ ਕਰਵਾਈ ਗਈ ਇਸ ਮੀਟਿੰਗ ਦੀ ਪ੍ਰਧਾਨਗੀ ਸੰਸਥਾ ਦੇ ਪ੍ਰਧਾਨ ਮਨਜੀਤ ਖਿੱਚੀ ਨੇ ਕੀਤੀ। ਸੰਸਥਾ ਦੇ ਚੇਅਰਮੈਨ ਜਗਦੀਸ਼ ਭਾਰਤੀ ਸਮੇਤ ਹੀਰਾਵਤੀ ਨਾਇਬ ਤਹਿਸੀਲਦਾਰ (ਰ), ਸ਼ਾਂਤੀ ਦੇਵੀ ਡੀ.ਸੀ. ਦਫਤਰ ਸੁਪਰਡੈਂਟ ਗ੍ਰੇਡ-1 (ਰ) ਸਮੇਤ ਪ੍ਰਿੰ. ਕ੍ਰਿਸ਼ਨ ਲਾਲ, ਅਮਰ ਸਿੰਘ ਮਹਿੰਮੀ, ਮਲਕੀਤ ਸਿੰਘ ਮੰਮਨ, ਗੋਬਿੰਦ ਕੁਮਾਰ, ਸ੍ਰੀ ਕ੍ਰਿਸ਼ਨ ਆਰ ਏ, ਸ਼ਿਵ ਨਾਥ ਦਰਦੀ, ਬਲਕਾਰ ਸਹੋਤਾ,ਪ੍ਰੇਮ ਕੁਮਾਰ,ਹਰੀ ਚੰਦ, ਕਮਲ ਪੇਂਟਰ, ਰਣਜੀਤ ਸਿੰਘ ਅਤੇ ਹਰਬੰਸ ਲਾਲ ਸਮੇਤ ਕਈ ਹੋਰ ਵਿਅਕਤੀ ਮੌਜੂਦ ਸਨ। ਆਪਣੇ ਸੰਬੋਧਨ ਦੌਰਾਨ ਸ੍ਰੀ ਭਾਰਤੀ ਨੇ ਕਿਹਾ ਕਿ ਜੇ ਅਸੀਂ ਅਜੋਕੇ ਸਮੇਂ ਵਿੱਚ ਡਾ. ਅੰਬੇਡਕਰ ਵੱਲੋਂ ਦਿਖਾਏ ਰਸਤੇ ਤੋਂ ਭਟਕ ਗਏ ਤਾਂ ਸਾਨੂੰ ਇਸਦੇ ਮਾੜੇ ਨਤੀਜੇ ਭੁਗਤਣੇ ਪੈਣਗੇ। ਆਪਣੇ ਸੰਬੋਧਨ ਦੌਰਾਨ ਹੀਰਾਵਤੀ ਅਤੇ ਸ਼ਾਂਤੀ ਦੇਵੀ ਨੇ ਔਰਤਾਂ ਨੂੰ ਬਰਾਬਰੀ, ਵੋਟ ਦਾ ਅਧਿਕਾਰ ਅਤੇ ਪ੍ਰਸੂਤਾ ਛੁੱਟੀ ਲਾਗੂ ਕਰਵਾਉਣ ਲਈ ਡਾ. ਅੰਬੇਡਕਰ ਨੂੰ ਔਰਤਾਂ ਦਾ ਮਸੀਹਾ ਕਰਾਰ ਦਿੱਤਾ। ਉਕਤ ਜਾਣਕਾਰੀ ਦਿੰਦੇ ਹੋਏ ਸ੍ਰੀ ਢੇਸੀਵਾਲ ਨੇ ਦੱਸਿਆ ਹੈ ਕਿ ਪ੍ਰੀ-ਨਿਰਵਾਣ ਦਿਵਸ ਮੌਕੇ ਸਭਨਾਂ ਬੁਲਾਰਿਆਂ ਨੇ ਕਿਹਾ ਹੈ ਕਿ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਦੁਨੀਆ ਦੇ ਸਭ ਤੋਂ ਵੱਡੇ ਸੰਵਿਧਾਨ ਨੂੰ ਲਿਖ ਕੇ ਜੋ ਮਹਾਨ ਦੇਣ ਦਿੱਤੀ ਹੈ, ਹਰੇਕ ਭਾਰਤ ਵਾਸੀ ਨੂੰ ਉਸ ਉਪਰ ਮਾਣ ਹੈ। ਮੀਟਿੰਗ ਦੌਰਾਨ ਮੌਜੂਦ ਸਭ ਮੈਂਬਰਾਂ ਨੇ ਡਾ. ਅੰਬੇਡਕਰ ਦੇ ਚਿੱਤਰ ਨੂੰ ਫੁੱਲਾਂ ਦਾ ਹਾਰ ਪਾਇਆ ਤੇ ਉਨ੍ਹਾਂ ਦੇ ਚਰਨਾਂ ਵਿੱਚ ਫੁੱਲ ਭੇਂਟ ਕਰਕੇ ਨਮਨ ਕੀਤਾ। ਮੀਟਿੰਗ ਦੇ ਅੰਤ ਵਿੱਚ ਸੁਸਾਇਟੀ ਪ੍ਰਧਾਨ ਸ੍ਰੀ ਖਿੱਚੀ ਨੇ ਮੌਜੂਦ ਸਭ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਸਭਨਾਂ ਨੂੰ ਡਾ. ਅੰਬੇਡਕਰ ਵੱਲੋਂ ਦਿਖਲਾਏ ਰਸਤੇ 'ਤੇ ਚੱਲਣ ਦੀ ਅਪੀਲ ਕੀਤੀ।

# ਸਕੂਲੀ ਬੱਚਿਆਂ ਦੇ ਛੁੱਟੀ ਸਮੇਂ ਟਿੱਪਰਾਂ ਦਾ ਸ਼ਹਿਰ ਵਿੱਚ ਆਉਣਾ ਬੰਦ ਕੀਤਾ ਜਾਵੇ - ਪ੍ਰਧਾਨ ਸਤੀਸ਼ ਕੁਮਾਰ ਸੋਨੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸਕੂਲ ਛੁੱਟੀ ਦੇ ਟਾਈਮ ਨਿੱਜੀ ਸਕੂਲ ਪਰਬੰਧਕਾਂ ਦੇ ਡਸਿਪਲਨ ਦੀ ਕਮੀ ਕਾਰਨ ਵੱਡਾ ਹਾਦਸਾ ਵਾਪਰਨ ਦਾ ਖਤਰਾ ਹੋ ਸਕਦਾ ਹੈ। ਇਹ ਵਿਚਾਰ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਰੱਖੇ । ਉਹਨਾਂ ਕਿਹਾ ਕਿ ਮੇਨ ਰੋਡ ਨਾਲ ਲਗਦੇ ਨਿੱਜੀ ਸਕੂਲਾਂ ਚ ਡਸਿ-ਪਲਨ ਦੀ ਕਮੀ ਦੇਖਣ ਨੂੰ ਮਿਲੀ ਹੈ, ਕਿ ਜਦੋਂ ਸਕੂਲ ਚ ਛੁੱਟੀ ਦਾ ਸਮਾਂ ਹੁੰਦਾ ਹੈ ਤਾਂ ਲੋਕਲ ਬੱਚਿਆਂ ਦੇ ਗੇਟ ਚੋ ਬਾਹਰ ਆਉਂਦੇ ਹਨ ਤਾਂ ਉਸੇ ਹੀ ਸਮੇਂ ਡਰਾਈਵਰ ਬੱਸਾਂ ਵੀ ਬਾਹਰ ਕੱਢਣ ਲੱਗ ਜਾਂਦੇ ਹਨ ,ਜਿਸ ਨਾਲ ਵੱਡਾ ਹਾਦਸਾ ਵਾਪਰ ਸਕਦਾ ਹੈ । ਸਕੂਲ ਮੈਨੇਜਮੈਂਟ ਨੂੰ ਪਹਿਲਾ ਵੀ ਕਈ ਵਾਰ ਇਸ




ਵਾਰੇ ਬੇਨਤੀ ਕਰਕੇ ਅਗਾਂਹ ਕੀਤਾ ਜਾ ਚੁੱਕਿਆ ਹੈ ਪਰ ਇਸ ਵਿਚ ਸੁਧਾਰ ਨਹੀ ਹੋਇਆ , ਦੂਜੇ ਪਾਸੇ ਬੰਗਾ ਚੌਂਕ ਨੰਗਲ ਚੌਂਕ ਵਿੱਚ ਟਿੱਪਰਾਂ ਸ਼ਹਿਰ ਐਂਟਰੀ ਦੀ ਮਨਾਹੀ ਦੇ ਬਾਵਜੂਦ ਸਕੂਲਾਂ ਦੀ ਛੁੱਟੀ ਟਾਈਮ ਟਿੱਪਰ ਚਾਲਕ ਜਾਣ ਬੁੱਝ ਕੇ ਟਿੱਪਰ ਕਤਾਰ ਬੰਨ੍ਹ ਕੇ ਲਿਆਉਂਦੇ ਹਨ ਜਿਸ ਨਾਲ ਸਕੂਲ ਬੱਸਾਂ ਜਾਮ ਵਿਚ ਫਸ ਜਾਂਦੀਆਂ ਹਨ । ਜਿਸ ਨਾਲ ਸਕੂਲਾਂ ਦੇ ਬੱਚਿਆਂ ਨੂੰ ਹਰਾਸਮੇਂਟ ਦਾ ਸਾਹਮਣਾ ਪੈਂਦਾ ਹੈ । ਉਹਨਾਂ ਕਿਹਾ ਕਿ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਇਸ ਪ੍ਰੈਸ ਨੋਟ ਰਾਹੀਂ ਟਰੈਫਿਕ ਵਿਭਾਗ ਕੋਲੋ ਮੰਗ ਕਰਦੀ ਹੈ ਕਿ ਇਹਨਾਂ ਮੁੱਖ ਸਮੱਸਿਆਵਾਂ ਨੂੰ ਦੇਖਦੇ ਹੋਏ ਸਕੂਲ ਪਰਬੰਧਕਾਂ ਅਤੇ ਟਿੱਪਰ ਚਾਲਕਾਂ ਖਿਲਾਫ ਬਣਦੀ ਸਖ਼ਤ ਕਾਰਵਾਈ ਕਰਕੇ ਭਵਿੱਖ ਚ ਵਾਪਰਨ ਵਾਲੇ ਹਾਦਸਿਆਂ ਨੂੰ ਰੋਕਿਆ ਜਾਵੇ ।

# ਅਗਰਵਾਲ ਲੇਡੀਜ ਕਲੱਬ ਵੱਲੋਂ ਰੈੱਡ ਕਰਾਸ ਨੂੰ 31 ਹਜ਼ਾਰ ਰੁਪਏ ਦਾ ਯੋਗਦਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਕੱਤਰ ਰੈੱਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਅਗਰਵਾਲ ਲੇਡੀਜ ਕਲੱਬ ਵੱਲੋਂ ਰੈੱਡ ਕਰਾਸ ਸੁਸਾਇਟੀ ਨੂੰ 31000 ਰੁਪਏ ਦਾ ਮਹੱਤਵਪੂਰਨ ਯੋਗਦਾਨ ਦਿੱਤਾ ਗਿਆ ਹੈ। ਇਨ੍ਹਾਂ ਮੈਂਬਰਾਂ ਵੱਲੋਂ ਰੈੱਡ ਕਰਾਸ ਸੁਸਾਇਟੀ ਦੀ ਮੌਜੂਦਾ ਸਮੇਂ ਵਿੱਚ ਹੋ ਰਹੀ ਵਧੀਆ ਕਾਰਗੁਜਾਰੀ ਨੂੰ ਦੇਖਦੇ ਹੋਏ ਰੈੱਡ ਕਰਾਸ ਸਮਾਜ ਭਲਾਈ ਗਤੀਵਿਧੀਆਂ ਵਿੱਚ ਆਪਣਾ ਯੋਗਦਾਨ ਪਾਉਣ ਲਈ ਆਪਣੇ ਪੱਧਰ ‘ਤੇ 31000 ਰੁਪਏ ਇੱਕਤਰ ਕੀਤੀ ਗਈ ਹੈ। ਇਹ ਰਕਮ ਕਲੱਬ ਦੇ ਸਮੂਹ ਮੈਂਬਰਾਂ ਵੱਲੋਂ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਕਾਰਜਕਾਰਨੀ ਕਮੇਟੀ ਦੇ ਮੈਬਰ ਰਾਕੇਸ਼ ਕਪਿਲਾ ਦੇ ਸਪੁਰਦ ਕੀਤੀ ਗਈ। ਸਕੱਤਰ ਰੈੱਡ ਕਰਾਸ ਨੇ ਇਹ ਵੀ ਦੱਸਿਆ



ਕਿ ਅਗਰਵਾਲ ਲੇਡੀਜ ਕਲੱਬ ਦੇ ਮੈਂਬਰਾਂ ਨੇ ਰੈੱਡ ਕਰਾਸ ਵੱਲੋਂ ਚਲਾਏ ਜਾ ਰਹੇ ਪ੍ਰੋਜੈਕਟਾਂ ਵਿੱਚੋਂ ਖਾਸ ਤੋਰ ਤੇ ‘ਰੈਡ ਕਰਾਸ ਵਿੰਗਜ਼ ਪ੍ਰੋਜੈਕਟ’ ਅਧੀਨ ਸਪੈਸ਼ਲ ਬੱਚਿਆਂ ਨੂੰ ਰੁਜਗਾਰ ਦੇਣ ਲਈ ਚਲਾਈਆਂ ਜਾ ਰਹੀਆਂ ਟੱਕ ਸ਼ਾਪਜ਼ ਦੀ ਬਹੁਤ ਸ਼ਲਾਘਾ ਕੀਤੀ ਹੈ। ਉਨ੍ਹਾਂ ਨੇ ਦੱਸਿਆ ਕਿ ਭਾਰਤ ਭਰ ਵਿੱਚ ਸਪੈਸਲ ਬੱਚਿਆਂ ਦੇ ਵਿਕਾਸ ਲਈ ਇਕ ਨਿਵੇਕਲਾ ਪ੍ਰੋਜੈਕਟ ਹੈ, ਜਿਸ ਨਾਲ ਇਹ ਸਪੈਸਲ ਬੱਚੇ ਆਪਣੇ ਪੈਰਾਂ ‘ਤੇ ਖੜ੍ਹੇ ਹੋਣ ਵਿੱਚ ਕਾਮਯਾਬ ਹੋਏ ਹਨ। ਇਸ ਤੋਂ ਇਲਾਵਾ ਕਲੱਬ ਮੈਂਬਰਾਂ ਵੱਲੋਂ ਰੈੱਡ ਕਰਾਸ ਵਲੋਂ ਚਲਾਈ ਜਾ ਰਹੀ ਸਾਂਝੀ ਰਸੋਈ, ਵੋਕੇਸ਼ਨਲ ਟ੍ਰੇਨਿੰਗ ਸੈਂਟਰ ਅਤੇ ਕਰੈੱਚ ਸੈਂਟਰ ਦੀ ਵੀ ਬਹੁਤ ਸ਼ਲਾਘਾ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਕਸ਼ਮੀਰੀ ਲਾਲ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਆਪਣੇ ਬੇਟੇ ਪੀਰਸ਼ ਜੌਲੀ ਦੇ ਜਨਮ ਦਿਨ ‘ਤੇ ਰੈੱਡ ਕਰਾਸ ਸੁਸਾਇਟੀ ਨੂੰ 21 ਗਰਮ ਕੰਬਲ ਦਾਨ ਕੀਤੇ ਹਨ। ਉਨ੍ਹਾਂ ਕਿਹਾ ਕਿ ਇਹ ਕੰਬਲ ਰੈੱਡ ਕਰਾਸ ਸੁਸਾਇਟੀ ਦੁਆਰਾ ਗ਼ਰੀਬ ਅਤੇ ਜ਼ਰੂਰਮੰਦ ਲੋਕਾਂ ਨੂੰ ਮੁਹੱਈਆ ਕੀਤੇ ਜਾਣਗੇ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਆਬਜ਼ਰਵੇਸ਼ਨ ਹੋਮ ਅਤੇ ਵੱਖ-ਵੱਖ ਪਿੰਡਾਂ 'ਚ ਨਸ਼ਿਆਂ ਖ਼ਿਲਾਫ਼ ਕਰਵਾਏ ਜਾਗਰੂਕਤਾ ਪ੍ਰੋਗਰਾਮ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਹੁਸ਼ਿਆਰਪੁਰ ਰਜਿੰਦਰ ਅਗਰਵਾਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ, ਹੁਸ਼ਿਆਰਪੁਰ ਨੀਰਜ ਗੋਇਲ ਵੱਲੋਂ ਨੌਜਵਾਨਾਂ ਨੂੰ ਨਸ਼ੇ ਦੇ ਸੇਵਨ ਨਾ ਕਰਨ ਸਬੰਧੀ ਜਾਗਰੂਕ ਕਰਨ ਦੇ ਮਨੋਰਥ ਨਾਲ ਅੱਜ ਆਬਜ਼ਰਵੇਸ਼ਨ ਹੋਮ, ਰਾਮ ਕਲੋਨੀ ਕੈਂਪ, ਹੁਸ਼ਿਆਰਪੁਰ ਅਤੇ ਵੱਖ-ਵੱਖ ਪਿੰਡਾਂ ਵਿੱਚ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਵਿਕਰਮ ਸਿੰਘ ਬਾਰ ਵਾਈਸ ਪ੍ਰੈਜ਼ੀਡੈਂਟ, ਅਸ਼ੀਸ਼ ਜ਼ੋਤੀ ਪੈਨਲ ਐਡਵੋਕੇਟ, ਤਰੁਨਵੀਰ ਪੈਨਲ ਐਡਵੋਕੇਟ, ਵਿੰਸੀ ਮਲਿਕ ਪੈਨਲ ਐਡਵੋਕੇਟ, ਦਲਵੀਰ ਸਿੰਘ ਪੈਨਲ ਐਡਵੋਕੇਟ, ਹਰਕੀਰਤ ਸਿੰਘ ਐਡਵੋਕੇਟ, ਸਰਿਤਾ ਕਨਵਰ ਰੀਟੇਨਰ ਐਡਵੋਕੇਟ, ਬਰਜਿੰਦਰ ਸਿੰਘ ਪੈਨਲ ਐਡਵੋਕੇਟ, ਵਿਵੇਕ ਕਨਵਰ ਬਾਰ ਪ੍ਰੈਜ਼ੀਡੈਂਟ, ਹਰਜਿੰਦਰ ਕੁਮਾਰ ਵਰਮਾ ਡਿਪਟੀ ਚੀਫ ਲੀਗਲ ਏਡ ਡਿਫੈਂਸ ਕੌਂਸਲ ਅਤੇ ਕਰਨ ਲੁਥਰਾ ਅਸਿਸਟੈਂਟ ਲੀਗਲ ਏਡ ਡਿਫੈਂਸ ਕੌਂਸਲ ਹੁਸ਼ਿਆਰਪੁਰ



ਵੱਲੋਂ ਜਾਗਰੂਕਤਾ ਸੈਮੀਨਾਰਾਂ ਦੀ ਪ੍ਰਧਾਨਗੀ ਕੀਤੀ ਗਈ। ਸੈਮੀਨਾਰਾਂ ਦੌਰਾਨ ਨੌਜਵਾਨਾਂ ਅਤੇ ਭਾਈਚਾਰੇ ਨੂੰ ਇਸ ਮੁਹਿੰਮ ਬਾਰੇ ਦਸਦੇ ਹੋਏ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਮੰਤਵ ਨੌਜਵਾਨ ਪੀੜ੍ਹੀ ਨੂੰ ਭਵਿੱਖ ਵਿੱਚ ਨਸ਼ਾ ਤਿਆਗ ਕੇ, ਚੰਗੇ ਕੰਮ ਕਰਨ ਲਈ ਪ੍ਰੇਰਿਤ ਕਰਨਾ ਹੈ, ਤਾਂ ਜ਼ੋ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਉਨ੍ਹਾਂ ਇਹ ਵੀ ਦੱਸਿਆ ਕਿ ਨਸ਼ੇ ਦੇ ਸੇਵਨ ਨਾਲ ਮਨੁੱਖੀ ਜੀਵਨ ਬਰਬਾਦ ਹੋ ਜਾਂਦਾ ਹੈ ਅਤੇ ਘਰ ਵਿੱਚ ਅਸ਼ਾਂਤੀ ਪੈਦਾ ਹੁੰਦੀ ਹੈ। ਨਾਲਸਾ (ਡਰੱਗ ਜਾਗਰੂਕਤਾ ਅਤੇ ਤੰਦਰੁਸਤੀ ਨੈਵੀਗੇਸ਼ਨ— ਡਰੱਗ ਮੁਕਤ ਭਾਰਤ ਲਈ), ਯੋਜਨਾ 2025 ਅਤੇ ਸਿਹਤ, ਪਰਿਵਾਰਕ ਅਤੇ ਸਮਾਜਿਕ ਜੀਵਨ 'ਤੇ ਨਸ਼ਿਆਂ ਦਾ ਪ੍ਰਭਾਵ ਅਤੇ ਐਨ.ਡੀ.ਪੀ.ਐਸ. ਐਕਟ ਦੇ ਕਾਨੂੰਨੀ ਉਪਬੰਦਾ ਬਾਰੇ ਜਾਣਕਾਰੀ ਦਿੱਤੀ। ਅੰਤ ਵਿੱਚ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵਿੱਚ ਕੰਮ ਕਰ ਰਹੇ ਪੈਰਾ ਲੀਗਲ ਵਲੰਟੀਅਰਾਂ ਵੱਲੋ ਪ੍ਰਚਾਰ ਸਮੱਗਰੀ ਵੰਡੀ ਗਈ। ਉਪਰੋਕਤ ਤੋ ਇਲਾਵਾ ਸਕੱਤਰ ਨੀਰਜ ਗੋਇਲ ਦੀ ਅਗਵਾਈ ਵਿੱਚ ਮਿਸ ਰੇਨੂੰ ਪੈਨਲ ਐਡਵੋਕੇਟ ਹੁਸ਼ਿਆਰਪੁਰ ਵੱਲੋਂ ਅੱਜ ਨਵੇਂ ਭਰਤੀ ਕੀਤੇ ਗਏ ਪੈਰਾ ਲੀਗਲ ਵਲੰਟੀਅਰਾਂ ਨੂੰ ਤੀਸਰੇ ਸੈਸ਼ਨ ਵਿੱਚ ਰਿਫਰੈਸ਼ਰ ਕੋਰਸ ਦੀ ਟ੍ਰੇਨਿੰਗ ਦਿੱਤੀ ਗਈ।

# ਕਿਸਾਨਾਂ ਤੇ ਮੁਲਾਜ਼ਮਾਂ ਨੇ ਬਿਜਲੀ ਸੋਧ ਬਿੱਲ ਤੇ ਬੀਜ ਬਿੱਲ 2025 ਦੀਆਂ ਕਾਪੀਆਂ ਸਾੜੀਆਂ

## ਸੋਧ ਬਿੱਲ ਵਾਪਸ ਨਾ ਹੋਣ 'ਤੇ ਕੇਂਦਰ ਤੇ ਰਾਜ ਸਰਕਾਰ ਖਿਲਾਫ ਛੇੜਿਆ ਜਾਵੇਗਾ ਵੱਡਾ ਅੰਦੋਲਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸੰਯੁਕਤ ਕਿਸਾਨ ਮੋਰਚੇ ਵਲੋਂ ਬਿਜਲੀ ਸੋਧ ਬਿੱਲ ਅਤੇ ਬੀਜ ਬਿੱਲ 2025 ਦੀਆਂ ਕਾਪੀਆਂ ਸਬ ਡਵੀਜ਼ਨ ਪੱਧਰ 'ਤੇ ਸਾੜਨ ਦੇ ਦਿੱਤੇ ਸੱਦੇ ਤਹਿਤ ਅੱਜ ਗੜ੍ਹਸ਼ੰਕਰ ਦੀਆਂ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਿਲ ਜਥੇਬੰਦੀਆਂ ਅਤੇ ਬਿਜਲੀ ਮੁਲਾਜ਼ਮਾਂ ਦੀਆ ਜਥੇਬੰਦੀਆ ਦੇ ਸਰਗਰਮ ਆਗੂਆਂ ਵਲੋਂ ਸ੍ਰੀ ਅਨੰਦਪੁਰ ਸਾਹਿਬ ਰੋਡ ਤੇ ਸਥਿਤ ਬਿਜਲੀ ਦਫਤਰ ਦੇ ਗੇਟ ਤੇ ਦੋਵੇਂ ਸੋਧ ਬਿੱਲਾਂ ਦੀਆ ਕਾਪੀਆ ਸਾੜ ਕੇ ਰੋਹ ਭਰਪੂਰ ਪ੍ਰਦਰਸ਼ਨ ਕੀਤਾ। ਕਾਪੀਆ ਸਾੜਨ ਤੋਂ ਪਹਿਲਾ ਇਕੱਤਰ ਹੋਏ ਕਿਸਾਨਾਂ ਤੇ ਮੁਲਾਜ਼ਮਾਂ ਨੂੰ ਸੰਬੋਧਨ ਕਰਦਿਆ ਵੱਖ ਵੱਖ ਸੰਘਰਸ਼ਸ਼ੀਲ ਕਿਸਾਨ ਤੇ ਮੁਲਾਜ਼ਮ ਆਗੂਆ ਗੁਰਨੇਕ ਭੱਜਲ, ਕੁਲਵਿੰਦਰ ਚਾਹਲ, ਕੁਲਭੂਸ਼ਣ ਮਹਿੰਦਵਾਣੀ, ਕਮਲ ਦੇਵ ਸੇਵਾਮੁਕਤ ਐਸ ਡੀ ਓ, ਅਸ਼ਵਨੀ ਕੁਮਾਰ ਸਰਕਲ ਸਕੱਤਰ ਅਤੇ ਮੁਕੇਸ਼ ਕੁਮਾਰ ਨੇ ਕਿਹਾ ਕਿ ਕੇਂਦਰ ਦੀ ਫਾਸ਼ੀ ਸਰਕਾਰ ਵਿਦੇਸ਼ੀ ਕਾਰਪੋਰੇਟਸ ਦੇ ਦਿਸ਼ਾ-ਨਿਰਦੇਸ਼ਾ ਤਹਿਤ ਸਰਕਾਰੀ ਤੇ ਜਨਤਕ ਅਦਾਰਿਆ ਦਾ ਭੋਗ ਪਾ ਰਹੀ ਹੈ ਅਤੇ ਇਹਨਾਂ ਨੂੰ ਸਿੱਧੇ ਨਿਜੀ ਹੱਥਾਂ ਵਿੱਚ ਸੌਂਪ ਰਹੀ ਹੈ। ਇਸ ਸਮੇਂ ਕਿਸਾਨ ਆਗੂ ਦਰਸ਼ਨ ਸਿੰਘ ਮੱਟੂ, ਰਾਮ ਜੀ ਦਾਸ ਚੌਹਾਨ, ਪ੍ਰੋ ਕੁਲਵੰਤ ਸਿੰਘ ਗੋਲੇਵਾਲ, ਕੁਲਵਿੰਦਰ ਸੰਘਾ, ਸ਼ਮਸ਼ੇਰ ਸਿੰਘ ਚੱਕ ਸਿੰਘਾ, ਬਲਵੀਰ ਖਾਨਪੁਰੀ, ਰਾਮ ਪਾਲ ਟੀ ਐਸ ਯੂ ਆਗੂ, ਮੂਲ ਰਾਜ, ਹੰਸ ਰਾਜ ਗੜ੍ਹਸ਼ੰਕਰ ਨੇ ਕਿਹਾ ਕਿ ਬਿਜਲੀ ਆਰਡੀਨੈਂਸ ਲਿਆ ਕੇ ਲੋਕਾਂ ਨੂੰ ਮਿਲਦੀਆਂ ਸਹੂਲਤਾਂ ਅਤੇ ਸਸਤੇ ਬਿਜਲੀ ਨੂੰ ਖਤਮ ਕਰਕੇ ਕਾਰਪੋਰੇਟਾਂ ਨੂੰ ਮੁਨਾਫਾ ਕਮਾਉਣ ਲਈ ਯਤਨਸ਼ੀਲ ਹੈ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਸ ਦੇ ਖਿਲਾਫ ਜਿੱਥੇ ਬਿਜਲੀ ਮੁਲਾਜ਼ਮ ਸੰਘਰਸ਼ ਕਰ ਰਹੇ ਹਨ ਤੇ ਹੁਣ ਸੰਯੁਕਤ ਕਿਸਾਨ ਮੋਰਚੇ ਨੇ ਵੀ ਸ਼ੰਘਰਸ਼ ਦਾ ਬਿਗੁਲ ਬਜਾ ਦਿਤਾ ਹੈ। ਇਸ ਸਮੇਂ ਵੱਖ-ਵੱਖ ਕਿਸਾਨ ਯੂਨੀਅਨਾਂ ਦੇ ਆਗੂ ,ਸਿੰਗਾਰਾ ਸਿੰਘ ਭੱਜਲ, ਕਸ਼ਮੀਰ ਸਿੰਘ ਭੱਜਲ, ਅਮਰਜੀਤ ਸਿੰਘ ਬੰਗੜ, ਸਤਪਾਲ ਕਲੇਰ, ਗੁਰਮੇਲ ਸਿੰਘ ਆਦਿ ਹਾਜ਼ਰ ਸਨ। ਆਗੂਆਂ ਨੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਇਹਨਾਂ ਸੋਧ ਬਿਲਾਂ ਨੂੰ ਵਾਪਸ ਨਾ ਲਿਆ ਤਾਂ ਪੰਜਾਬ ਅਤੇ ਦੇਸ਼ ਦੇ ਸਮੂਹ ਕਿਰਤੀ ਲੋਕ ਇਸ ਦੇ ਖਿਲਾਫ ਪੰਜਾਬ ਤੇ ਦੇਸ਼ ਪੱਧਰ 'ਤੇ ਵੱਡਾ ਅੰਦੋਲਨ ਛੇੜਣਗੇ।



# ਪਿੰਡ ਚੂਹੜਪੁਰ ਵਿਖੇ ਕਰਨਵੀਰ ਕਟਾਰੀਆ ਅਤੇ ਨਰੇਸ਼ ਕੁਮਾਰ (ਨੀਟਾ) ਦੇ ਹੱਕ ਵਿੱਚ ਵਿਸ਼ਾਲ ਜਨ ਸਭਾ

## ਵਿਧਾਇਕ ਸੰਤੋਸ਼ ਕਟਾਰੀਆ ਨੇ ਕਿਹਾ ਕਿ ਲੋਕਾਂ ਦਾ ਉਤਸ਼ਾਹ ਦੱਸਦਾ ਹੈ ਕਿ ਵਿਕਾਸ ਦੀ ਜਿੱਤ ਯਕੀਨੀ ਹੈ

**ਬਲਾਚੌਰ ( ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਮੱਦੇਨਜ਼ਰ ਅੱਜ ਪਿੰਡ ਚੂਹੜਪੁਰ ਵਿਖੇ ਜ਼ਿਲ੍ਹਾ ਪਰਿਸ਼ਦ ਉਮੀਦਵਾਰ ਕਰਨਵੀਰ ਕਟਾਰੀਆ ਅਤੇ ਬਲਾਕ ਸੰਮਤੀ ਉਮੀਦਵਾਰ ਨਰੇਸ਼ ਕੁਮਾਰ (ਨੀਟਾ) ਦੇ ਹੱਕ ਵਿੱਚ ਇੱਕ ਵਿਸ਼ਾਲ ਜਨ ਸਭਾ ਦਾ ਆਯੋਜਨ ਕੀਤਾ ਗਿਆ। ਇਸ ਜਨ ਸਭਾ ਵਿੱਚ ਇਲਾਕੇ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ, ਜਿਸ ਨਾਲ ਚੋਣ ਪ੍ਰਚਾਰ ਨੂੰ ਭਾਰੀ ਬਲ ਮਿਲਿਆ।

ਇਸ ਮੌਕੇ ਹਲਕੇ ਦੇ ਵਿਧਾਇਕ ਸ੍ਰੀਮਤੀ ਸੰਤੋਸ਼ ਕਟਾਰੀਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਲੋਕਾਂ ਦਾ ਇਹ ਭਾਰੀ ਉਤਸ਼ਾਹ ਸਪੱਸ਼ਟ ਸੰਕੇਤ ਦੇ ਰਿਹਾ ਹੈ ਕਿ ਇਸ ਵਾਰ ਵਿਕਾਸ ਅਤੇ ਇਮਾਨਦਾਰੀ ਦੀ ਜਿੱਤ ਯਕੀਨੀ ਹੈ। ਉਨ੍ਹਾਂ ਨੇ ਦੱਸਿਆ ਕਿ ਦੋਵੇਂ ਉਮੀਦਵਾਰ, ਕਰਨਵੀਰ ਕਟਾਰੀਆ ਅਤੇ ਨਰੇਸ਼ ਕੁਮਾਰ (ਨੀਟਾ), ਇਲਾਕੇ ਦੇ ਵਿਕਾਸ ਲਈ ਪੂਰੀ ਤਰ੍ਹਾਂ ਸਮਰਪਿਤ ਹਨ ਅਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਗੇ। ਵਿਧਾਇਕ ਕਟਾਰੀਆ ਜੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਿਛਲੇ ਕਾਰਜਕਾਲ ਦੌਰਾਨ ਹੋਏ ਵਿਕਾਸ ਕਾਰਜਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਦੋਵਾਂ ਉਮੀਦਵਾਰਾਂ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਤਾਂ ਜੋ ਪਿੰਡਾਂ ਦਾ ਸਰਬਪੱਖੀ ਵਿਕਾਸ ਹੋ ਸਕੇ। ਜ਼ਿਲ੍ਹਾ ਪਰਿਸ਼ਦ ਉਮੀਦਵਾਰ ਕਰਨਵੀਰ ਕਟਾਰੀਆ ਨੇ ਕਿਹਾ, "ਮੈਂ ਇਸ ਇਲਾਕੇ ਦੇ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਅੱਜ ਇੰਨੀ ਵੱਡੀ ਗਿਣਤੀ ਵਿੱਚ ਪਹੁੰਚ ਕੇ ਸਾਨੂੰ ਆਸ਼ੀਰਵਾਦ ਦਿੱਤਾ ਹੈ। ਮੇਰਾ ਮੁੱਖ ਉਦੇਸ਼ ਇਲਾਕੇ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ, ਸਿੱਖਿਆ ਅਤੇ ਸਿਹਤ ਸਹੂਲਤਾਂ ਵਿੱਚ ਸੁਧਾਰ ਲਿਆਉਣਾ ਅਤੇ ਪਿੰਡਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਹੋਵੇਗਾ। ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਜੇ ਤੁਸੀਂ ਮੈਨੂੰ ਸੇਵਾ ਦਾ ਮੌਕਾ ਦਿੰਦੇ ਹੋ, ਤਾਂ ਮੈਂ ਸਿਰਫ਼ ਸੇਵਾਦਾਰ ਬਣ ਕੇ ਕੰਮ ਕਰਾਂਗਾ ਅਤੇ ਜ਼ਿਲ੍ਹਾ ਪਰਿਸ਼ਦ ਪੱਧਰ 'ਤੇ ਲੋਕਾਂ ਦੀ ਆਵਾਜ਼ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚੁੱਕਾਂਗਾ। ਮੈਂ ਅਤੇ ਨਰੇਸ਼ ਕੁਮਾਰ (ਨੀਟਾ) ਦੋਵੇਂ ਮਿਲ ਕੇ ਤੁਹਾਡੇ ਵਿਸ਼ਵਾਸ 'ਤੇ ਖਰੇ ਉਤਰਾਂਗੇ। ਇਸ ਮੌਕੇ ਬਲਾਕ ਸੰਮਤੀ ਉਮੀਦਵਾਰ ਨਰੇਸ਼ ਕੁਮਾਰ (ਨੀਟਾ) ਨੇ ਵੀ ਸੰਬੋਧਨ ਕੀਤਾ ਅਤੇ ਲੋਕਾਂ ਨੂੰ ਵਿਕਾਸ ਕਾਰਜਾਂ ਲਈ ਵਚਨਬੱਧਤਾ ਦਾ ਭਰੋਸਾ ਦਿੱਤਾ। ਜਨ ਸਭਾ ਵਿੱਚ ਵੱਡੀ ਗਿਣਤੀ ਵਿੱਚ ਪਹੁੰਚੇ ਸਮਰਥਕਾਂ ਨੇ ਦੋਵਾਂ ਉਮੀਦਵਾਰਾਂ ਦੇ ਹੱਕ ਵਿੱਚ ਨਾਅਰੇ ਲਾਏ, ਜਿਸ ਨਾਲ ਮਾਹੌਲ ਪੂਰੀ ਤਰ੍ਹਾਂ ਚੋਣਮਈ ਹੋ ਗਿਆ।



# ਮਨੁੱਖਤਾ ਲਈ ਹੱਥ ਸੇਵਾ ਸੋਸਾਇਟੀ ਵੱਲੋਂ ਲਗਾਏ ਖ਼ੂਨਦਾਨ ਕੈਂਪ 'ਚ 138 ਯੂਨਿਟ ਖ਼ੂਨ ਹੋਇਆ ਇਕੱਤਰ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਮਨੁੱਖਤਾ ਲਈ ਹੱਥ ਸੇਵਾ ਸੁਸਾਇਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਤੀਜਾ ਖੂਨਦਾਨ ਕੈਂਪ ਬਲਾਚੌਰ ਦੇ ਬੱਸ ਸਟੈਂਡ ਵਿਖੇ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਐਸ.ਸੀ ਕਮਿਸ਼ਨ ਪੰਜਾਬ ਦੇ ਚੇਅਰਮੈਨ ਜਸਬੀਰ ਸਿੰਘ ਗੜ੍ਹੀ , ਪੱਛੜੀਆਂ ਸ਼੍ਰੇਣੀਆਂ ਪੰਜਾਬ, ਚੇਅਰਮੈਨ ਗੁੱਜਰ ਵੈੱਲਫੇਅਰ ਬੋਰਡ ਬ੍ਰਿਗੇਡੀਅਰ ਰਾਜ ਕੁਮਾਰ ਅਤੇ ਮਹੰਤ ਬਾਬਾ ਜਗਦੀਪ ਸਿੰਘ ਗੁਰਦੁਆਰਾ ਪੌੜ ਸਾਹਿਬ ਲੋਹਟਾ ਵਾਲਿਆਂ ਵੱਲੋਂ ਸਾਂਝੇ ਰੂਪ ਵਿੱਚ ਕੀਤਾ ਗਿਆ। ਇਸ ਕੈਂਪ ਦੌਰਾਨ ਬਲੱਡ ਲੈਣ ਲਈ ਬਲੱਡ ਡੋਨਰਜ਼ ਕੌਂਸਲ ਨਵਾਂਸ਼ਹਿਰ ਦੀ ਟੀਮ ਪਹੁੰਚੀ ਅਤੇ 138 ਯੂਨਿਟ ਖੂਨ ਇਕੱਤਰ ਹੋਇਆ। ਇਸ ਸੁਸਾਇਟੀ ਦੇ ਮੁੱਖੀ ਹਿਤੇਸ਼ ਅਰੋੜਾ ਪੀਪੀ ਨੇ ਦੱਸਿਆ ਕਿ ਬਲੱਡ ਕੈਂਪ ਤੋਂ ਪਹਿਲਾਂ ਹਲਕਾ ਨਿਵਾਸੀਆਂ ਦੀ ਸੁੱਖ ਸ਼ਾਂਤੀ ਤੇ ਚੜ੍ਹਦੀ ਕਲਾ ਵਾਸਤੇ ਸਵੇਰੇ 7 ਵਜੇ ਤੋਂ 9 ਵਜੇ ਤੱਕ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਵੀ ਕਰਵਾਏ ਗਏ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਉਹਨਾਂ ਦੱਸਿਆ ਕਿ ਇਸ ਸੁਸਾਇਟੀ ਵੱਲੋਂ ਹੋਰ ਵੀ ਭਲਾਈ ਦੇ ਕਾਰਜ ਵੀ ਆਰੰਭ ਕੀਤੇ ਜਾ ਰਹੇ ਹਨ ਜਿਸ ਵਿੱਚ ਗਰੀਬ ਲੋੜਵੰਦ ਮਰੀਜ਼ ਦਾ ਇਲਾਜ ਕਰਵਾਉਣਾ ਵੀ ਸ਼ਾਮਿਲ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਆਮ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਖੂਨਦਾਨ ਕੈਂਪ ਵਿੱਚ ਪੰਮਾ ਭਾਟੀਆ ਐਮਸੀ ਬਲਾਚੌਰ, ਰਣਜੀਤ ਸਿੰਘ ਮਜਾਰੀ, ਜਸਵੀਰ ਸਿੰਘ ਬਹਿਲੂਰ ਕਲਾਂ, ਦੀਪਕ ਗਰੇਵਰ, ਸੌਰਵ ਬੇਦੀ, ਨਿਤਨ ਖੱਤਰੀ, ਰਵੀ ਕੁਮਾਰ, ਅਸ਼ੋਕ ਵਰਮਾ, ਨਵੀਨ ਕੁਮਾਰ, ਰਾਹੁਲ ਬੇਦੀ, ਅਤੁਲ ਰਾਣਾ, ਰਾਜਕੁਮਾਰ ਅਰੋੜਾ, ਗੌਰਵ ਅਰੋੜਾ, ਡਾ. ਕਮਲ ਕੁਮਾਰ, ਰੋਹਿਤ ਭਾਟੀਆ, ਦਵਿੰਦਰ ਸਿੰਘ, ਰਜਿੰਦਰ ਕੁਮਾਰ ਅਰੋੜਾ, ਜਸਵੰਤ ਸਿੰਘ ਬੇਦੀ ਆਦਿ ਦਾ ਵਿਸ਼ੇਸ਼ ਸਹਿਯੋਗ ਰਿਹਾ।





# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ

**• ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਵਿਖੇ ਸ਼ਹੀਦੀ ਸਮਾਗਮ ਕਰਵਾਏ**

**• ਮੀਰੀ ਪੀਰੀ ਸੇਵਾ ਸਿਮਰਨ ਕਲੱਬ ਹੁਸ਼ਿਆਰਪੁਰ ਦੇ ਚੇਅਰਮੈਨ ਸਰਬਜੀਤ ਸਿੰਘ ਬਡਵਾਲ ਨੇ ਅੰਗ ਦਾਨ ਲਈ ਪ੍ਰਣ ਪੱਤਰ ਭਰੇ**

**ਹੁਸ਼ਿਆਰਪੁਰ 9 ਦਸੰਬਰ (ਤਰਸੇਮ ਦੀਵਾਨਾ ) –**

ਨੌਵੀਂ ਪਾਤਸ਼ਾਹ ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਸ਼੍ਰੀ ਹਰਿ ਜੀ ਸਹਾਇ ਮੁਹੱਲਾ ਟਿੱਬਾ ਸਾਹਿਬ ਹੁਸ਼ਿਆਰਪੁਰ ਵਿਖੇ ਸ਼ਹੀਦੀ ਗੁਰਮਤ ਸਮਾਗਮ ਦਾ ਆਯੋਜਨ ਕੀਤਾ ਗਿਆ । ਗੁਰਦੁਆਰਾ ਪ੍ਰਬੰਧਕ ਕਮੇਟੀ ਮੀਰੀ ਪੀਰੀ ਸੇਵਾ ਸਿਮਰਨ ਕਲੱਬ ਹੁਸ਼ਿਆਰਪੁਰ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਅਤੇ ਸਮੂਹ ਸੰਗਤ ਤੇ ਸਹਿਯੋਗ ਨਾਲ ਕਰਵਾਏ ਇਸ ਸ਼ਹੀਦੀ ਸਮਾਗਮ ਦੌਰਾਨ ਚਾਰ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਸਮੂਹ ਸੰਗਤ ਵੱਲੋਂ ਰਲ਼ ਮਿਲ ਕਰਕੇ ਸੰਗਤੀ ਰੂਪ ਵਿੱਚ 'ਸਲੋਕ ਮਹੱਲੇ ਨੌਵੇਂ ਕੇ' ਦੇ ਲੜੀਵਾਰ ਜਾਪ ਕੀਤੇ ਗਏ ਉਪਰੰਤ ਕਰਵਾਏ ਗਏ ਸ਼ਹੀਦੀ ਸਮਾਗਮ ਵਿੱਚ ਭਾਈ ਰਾਮ ਸਿੰਘ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ, ਭਾਈ ਸਤਿੰਦਰ ਸਿੰਘ ਆਲਮ, ਗਿਆਨੀ ਜਸਵਿੰਦਰ ਸਿੰਘ ਪਰਮਾਰ ਦੇ ਜਥੇ ਵੱਲੋਂ ਧੁਰ ਕੀ ਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਗਿਆ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਭਾਈ ਮਤੀ ਦਾਸ ਜੀ ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੇ ਸ਼ਹੀਦੀ ਨਾਲ ਸੰਬੰਧਿਤ ਗੁਰਮਤ ਵਿਚਾਰਾਂ ਦੀ ਸਾਂਝ ਪਾਉਂਦਿਆਂ ਸੰਗਤ ਨੂੰ ਦਇਆ, ਧਰਮ ਅਤੇ ਵਾਹਿਗੁਰੂ ਨਾਮ ਸਿਮਰਨ ਨੂੰ ਆਪਣੇ ਜੀਵਣ ਦਾ ਹਿੱਸਾ ਬਣਾਉਣ ਦੀ ਅਪੀਲ ਕੀਤੀ । ਇਸ ਮੌਕੇ ਨੇਤਰਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਦੇ ਪ੍ਰਧਾਨ ਨੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਆਰੰਭ ਹੋਈ ਮਨੁੱਖੀ ਅੰਗ ਦਾਨ ਕਰਨ ਦੀ ਮੁਹਿੰਮ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਖਾਂ ਅਤੇ ਖੂਨ ਦਾਨ ਤੋਂ ਇਲਾਵਾ ਮਨੁੱਖੀ ਸਰੀਰ ਦੇ ਬੇਸ਼ਕੀਮਤੀ ਅੰਗ ਦਾਨ ਕਰਕੇ ਬਹੁਤ ਸਾਰੀਆਂ ਮਨੁੱਖੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ ਇਸ ਲਈ ਉਹਨਾ ਸਮੂਹ ਸੰਗਤ ਨੂੰ ਉਪਰੰਤ ਆਪਣੀ ਸਰੀਰ ਦੇ ਅੰਗ ਦਾਨ ਕਰਨ ਦੇ ਪ੍ਰਣ ਪੱਤਰ ਭਰਨ ਦੀ ਅਪੀਲ ਕੀਤੀ । ਜਿਸ ਤੋਂ ਪ੍ਰੇਰਨਾ ਲੈਂਦਿਆਂ ਮੀਰੀ ਪੀਰੀ ਸੇਵਾ ਸਿਮਰਨ ਕਲੱਬ ਹੁਸ਼ਿਆਰਪੁਰ ਦੇ ਚੇਅਰਮੈਨ ਸਰਬਜੀਤ ਸਿੰਘ ਬਡਵਾਲ, ਪ੍ਰਿੰ ਬਲਵੀਰ ਸਿੰਘ ਸੈਣੀ ਜਨਰਲ ਸਕੱਤਰ, ਗੁਰਬਿੰਦਰ ਸਿੰਘ ਪਲਾਹਾ, ਮਨਜੀਤ ਕੌਰ ਪਲਾਹਾ, ਨਵਦੀਪ ਕੌਰ ਬਿਲਖੂ, ਅਨੂ ਚਾਵਲਾ ਵੱਲੋਂ ਆਪਣੇ ਸਰੀਰ ਦੇ ਅੰਗ ਦਾਨ ਕਰਨ ਬਾਰੇ ਪ੍ਰਣ ਪੱਤਰ ਭਰੇ । ਇਸ ਮੌਕੇ ਗਿਆਨੀ ਜਸਵਿੰਦਰ ਸਿੰਘ ਪਰਮਾਰ ਵੱਲੋਂ ਆਈ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਚੱਲ ਰਹੀ ਨਾਮ ਸਿਮਰਨ ਅਭਿਆਸ ਦੀ ਲੜੀ ਵਿੱਚ ਭਾਗ ਲੈਣ ਵਾਲੀਆਂ ਸੰਗਤਾਂ ਨੂੰ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਸੀਸ ਮਾਰਗ 'ਤੇ ਪੈਂਦੇ ਗੁਰਧਾਮਾਂ ਦੇ ਦਰਸ਼ਨ ਕਰਵਾਏ ਜਾਣਗੇ । ਮੰਚ ਸੰਚਾਲਨ ਗੁਰਬਿੰਦਰ ਸਿੰਘ ਪਲਾਹਾ ਵੱਲੋਂ ਕੀਤਾ ਗਿਆ । ਇਸ ਮੌਕੇ ਹਰਜੀਤ ਸਿੰਘ ਨੰਗਲ ਪ੍ਰਧਾਨ ਭਾਈ ਘੱਨਈਆ ਜੀ ਨਿਸ਼ਕਾਮ ਸੇਵਕ ਸਭਾ ਹਰਿਆਣਾ, ਅਵਤਾਰ ਸਿੰਘ ਸੰਧੂ, ਹਰਬੰਸ ਸਿੰਘ ਸੈਬ, ਅਵਤਾਰ ਸਿੰਘ ਹੈਡ ਗ੍ਰੰਥੀ,ਸੱਤਪਾਲ ਸਿੰਘ ਭੋਗਲ, ਹਰਪਾਲ ਸਿੰਘ ਭਿੰਡਰ, ਹਰਬਖਸ਼ਪਾਲ ਸਿੰਘ, ਕੁਲਵਿੰਦਰ ਕੌਰ ਪਰਮਾਰ, ਹਰਦੀਪ ਕੌਰ ਨਿਜਰ, ਨਵਦੀਪ ਕੌਰ ਬਿਲਖੂ, ਅਮਰੀਕ ਸਿੰਘ, ਮਹਿੰਦਰ ਸਿੰਘ ਕੁਵੇਤ, ਜਸਪਾਲ ਸਿੰਘ ਕਲਸੀ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਿਰ ਹੋਈਆਂ । ਸਮਾਗਮ ਦੌਰਾਨ ਗੁਰੂ ਕਾ ਲੰਗਰ ਅਤੁਟ ਵਰਤਿਆ ।





**ਫੋਟੋ ਅਜਮੇਰ ਦੀਵਾਨਾ**

# ਪ੍ਰਭ ਕੈ ਸਿਮਰਨਿ,ਦੂਖੁ ਜਮੁ ਨਸੈ

ਪਰਮਾਤਮਾ ਦੇ ਸਿਮਰਨ ਨਾਲ,ਮੌਤ ਦਾ ਜਮ ਵੀ, ਹੈ ਨਸ ਜਾਂਦਾ। ਚਿੰਤਾ ਵਿੱਚ ਕਿਉਂ ਡੁਬਿਆ ਹੈਂ, ਚਿੰਤਨ ਡਰ ਨੂੰ, ਦੂਰ ਭਜਾਂਦਾ। ਬਿਨਾਂ ਭੇਦ ਭਾਵ ਦੇ, ਖੁਲ੍ਹੇ ਗੱਫੇ ਦਿੱਤੇ, ਮੁਫ਼ਤ ਦੀ ਤੂੰ ਕੀਮਤ ਨਾ ਜਾਣੀ। ਧਰਤੀ, ਜੰਗਲ ,ਜੀਵ ਜੰਤੂ, ਪਸ਼ੂ ਪੰਛੀ, ਊਰਜਾ ਹਵਾ ਅਤੇ ਪਾਣੀ। ਇਕੱਲਤਾ ਦੇ ਆਲਮ ਵਿੱਚ, ਭਟਕੇ ਨਾ, ਇਸ ਲਈ,ਆਦਮ ਤੇ ਈਵ ਬਣਾਏ।ਬੜੇ ਸਿਤਮ ਦੀ ਗੱਲ ਹੋਊ, ਜੇ ਬੰਦਾ ਫਿਰ ਵੀ, ਦਾਤੇ ਨੂੰ ਨਾ ਧਿਆਵੇ।

ਬਾਬੇ ਨਾਨਕ ਸਭ ਤੋਂ ਪਹਿਲਾਂ ਬੁੱਝਿਆ, ਕੁਦਰਤ ਦੇ ਸਭ ਬੰਦੇ। ਭਾਵੇਂ, ਮੁਫ਼ਤ ਵਿੱਚ, ਰੱਖ ਸਭ ਕੁਝ ਹੈ ਦਿੱਤਾ,ਹੱਥ ਪੱਲੇ ਮਾਰਨੇ ਪੈਣੇ,ਕਰਨ ਲਈ ਧੰਦੇ। ਭਾਸ਼ਾਵਾਂ ਬੋਲਣ ਵਿੱਚ ਵੀ ਲਚਕੀਲਾਪਣ ਦਿਖਾਓ, ਦੂਸਰੀਆਂ ਭਾਸ਼ਾਵਾਂ ਦੇ ਸ਼ਬਦਾਂ ਨੂੰ ਵੀ ਅਪਣਾਓ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਅਰਬੀ, ਫਾਰਸੀ ਭਾਸ਼ਾਵਾਂ ਨਾਲ ਸਾਂਝ ਸੀ ਪਾਈ। ਇਸੇ ਸਾਂਝ ਨੇ ਗੁਰਮੁਖੀ ਭਾਸ਼ਾ ਨੂੰ ਅਮੀਰੀ ਦਿਵਾਈ।ਜੇ ਅਸੀਂ ਇੱਕ ਦੂਜੇ ਦੀ ਭਾਸ਼ਾ ਸਮਝਾਂਗੇ, ਤਾਂ ਹੀ ਗਿਆਨ ਦੀ ਭਾਸ਼ਾ, ਸਮਝ ਹੈ ਆਣੀ। ਫਿਰ ਸਰਬੱਤ ਦੇ ਭਲੇ ਦੀ ਗੱਲ ਜਾਂਦੀ ਹੈ ਜਾਣੀ।





**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ–ਆਬਾਦ ਬ੍ਰਿਸਬੇਨ, ਆਸਟ੍ਰੇਲੀਆ ਫੋਨ ਨੰਬਰ : 9878469639**

# "ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕਤਾ ਸਮੇਂ ਦੀ ਲੋੜ "




ਮਨੁੱਖੀ ਅਧਿਕਾਰ ਦਿਵਸ ਹਰ ਸਾਲ 10 ਦਸੰਬਰ ਨੂੰ ਇਹ ਯਾਦ ਦਿਵਾਉਣ ਲਈ ਮਨਾਇਆ ਜਾਂਦਾ ਹੈ ਕਿ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਕਰਨ ਨਾਲ ਮਨੁੱਖ ਜਾਤੀ ਨੂੰ ਨਾ ਕੇਵਲ ਸੁਤੰਤਰ ਅਤੇ ਗੌਰਵਮਈ ਜੀਵਨ ਬਤੀਤ ਕਰਨ ਦਾ ਮੌਕਾ ਮਿਲੇਗਾ, ਬਲਕਿ ਸੰਯੁਕਤ ਰਾਸ਼ਟਰ ਦੀ ਉਮੀਦ ਅਨੁਸਾਰ ਦੇਸਾਂ,ਕੌਮਾਂ ਅਤੇ ਸਮਾਜ ਵਿੱਚ ਪ੍ਰੇਮ, ਪਿਆਰ ਅਤੇ ਸਦਭਾਵਨਾ ਵਧਣ ਦੀ ਉਮੀਦ ਵੀ ਵਧੇਗੀ ਅਤੇ ਸੰਸਾਰ ਵਿੱਚ ਸ਼ਾਂਤੀ ਸਥਾਪਿਤ ਕਰਨ ਦੀ ਸੰਭਾਵਨਾ ਪੈਦਾ ਹੋ ਸਕੇਗੀ। ਜੇਕਰ ਮਨੁੱਖ ਨੂੰ ਇੱਕ ਸੱਭਿਅਕ ਜੀਵਨ ਬਤੀਤ ਕਰਨ ਲਈ ਅਧਿਕਾਰ ਦਿੱਤੇ ਜਾਣ, ਚਾਹੇ ਉਹ ਕਿਸੇ ਵੀ ਦੇਸ ਦਾ ਨਾਗਰਿਕ ਕਿਉਂ ਨਾ ਹੋਵੇ ਅਤੇ ਸਭ ਮਨੁੱਖਾਂ ਨੂੰ ਸਮਾਨਤਾ ਪ੍ਰਦਾਨ ਕੀਤੀ ਜਾਵੇ ਤਾਂ ਸੰਸਾਰ ਵਿੱਚ ਅਮਨ ਸ਼ਾਂਤੀ ਸਥਾਪਿਤ ਕਰਨ ਵਿੱਚ ਕਾਫੀ ਮਦਦ ਮਿਲ ਸਕਦੀ ਹੈ। ਅੱਜ ਸਾਡੇ ਦੇਸ਼ ਵਿੱਚ ਮਨੁੱਖੀ ਅਧਿਕਾਰਾ ਪ੍ਰਤੀ ਜਾਗਰੂਕਤਾ ਦੀ ਬਹੁਤ ਵੱਡੀ ਲੋੜ ਹੈ ਅੱਧੇ ਤੋਂ ਜਿਆਦਾ ਲੋਕ ਆਪਣੇ ਅਧਿਕਾਰਾਂ ਅਤੇ ਕਰਤੱਵਾਂ ਬਾਰੇ ਅਣਜਾਣ ਹਨ। ਅੱਜ ਮਨੁੱਖ ਧਰਤੀ 'ਤੇ ਜਨਮ ਲੈਂਦਿਆਂ ਹੀ ਮਨੁੱਖੀ ਅਧਿਕਾਰਾਂ ਅਤੇ ਸੁਤੰਤਰਤਾ ਦਾ ਹਿੱਸਾ ਬਣ ਜਾਂਦਾ ਹੈ ਜਿਨ੍ਹਾਂ ਨੂੰ ਮਾਣਦੇ ਹੋਏ ਉਹ ਆਪਣਾ ਜੀਵਨ ਖੁਸ਼ਹਾਲੀ,ਅਜ਼ਾਦੀ ਅਤੇ ਸ਼ਾਂਤੀ ਪੂਰਵਕ ਬਤੀਤ ਕਰਨ ਦਾ ਅਧਿਕਾਰ ਰੱਖਦਾ ਹੈ ਕੇਵਲ ਜਨਮ ਲਏ ਵਿਅਕਤੀ ਹੀ ਮਨੁੱਖੀ ਅਧਿਕਾਰਾਂ ਦੇ ਹੱਕਦਾਰ ਨਹੀਂ ਬਲਕਿ ਮਾਂ ਦੇ ਪੇਟ ਵਿੱਚ ਪਲ ਰਹੇ ਬੱਚੇ ਨੂੰ ਵੀ ਜਨਮ ਲੈ ਕੇ ਦੁਨੀਆਂ ਵਿੱਚ ਵਿਚਰਨ ਦਾ ਪੂਰਾ ਪੂਰਾ ਅਧਿਕਾਰ ਦਿੱਤਾ ਗਿਆ ਹੈ। ਮਨੁੱਖੀ ਅਧਿਕਾਰ ਜਾਤ, ਲਿੰਗ, ਕੌਮੀਅਤ, ਜਾਤੀ, ਭਾਸ਼ਾ, ਧਰਮ, ਜਾਂ ਕਿਸੇ ਹੋਰ ਸਥਿਤੀ ਦੀ ਪਰਵਾਹ ਕੀਤੇ ਬਿਨਾਂ, ਸਾਰੇ ਮਨੁੱਖਾਂ ਲਈ ਬਰਾਬਰ ਦੇ ਅਧਿਕਾਰ ਹਨ। ਮਨੁੱਖੀ ਅਧਿਕਾਰਾਂ ਵਿੱਚ ਖ਼ੁਸ਼ਹਾਲ ਜੀਵਨ, ਆਜ਼ਾਦੀ ਦਾ ਅਧਿਕਾਰ, ਗੁਲਾਮੀ ਅਤੇ ਤਸੀਹੇ ਤੋਂ ਆਜ਼ਾਦੀ, ਵਿਚਾਰ ਅਤੇ ਪ੍ਰਗਟਾਵੇ ਦੀ ਆਜ਼ਾਦੀ, ਕੰਮ ਕਰਨ ਅਤੇ ਸਿੱਖਿਆ ਦਾ ਅਧਿਕਾਰ, ਅਤੇ ਹੋਰ ਬਹੁਤ ਸਾਰੇ ਅਧਿਕਾਰ ਸ਼ਾਮਲ ਹਨ। ਜਦੋਂ ਤੋਂ ਧਰਤੀ ਤੇ ਮਨੁੱਖ ਦੀ ਉਤਪਤੀ ਹੋਈ ਉਹ ਆਪਣੇ ਹਿਸਾਬ ਨਾਲ ਜ਼ਿੰਦਗੀ ਬਸਰ ਕਰਦਾ ਆ ਰਿਹਾ ਹੈ। ਪੱਥਰ ਯੁੱਗ ਵਿੱਚ ਮਨੁੱਖ ਬਹੁਤ ਹੀ ਸੀਮਤ ਗਤੀਵਿਧੀਆਂ ਨਾਲ ਆਪਣੀ ਜ਼ਿੰਦਗੀ ਬਤੀਤ ਕਰਦੇ ਸਨ ਸਮੇਂ ਦੇ ਨਾਲ ਨਾਲ ਜਿਓ ਜਿਓ ਮਨੁੱਖ ਦਾ ਵਿਕਾਸ ਹੁੰਦਾ ਗਿਆ ਉਹ ਉਸੇ ਢੰਗ ਨਾਲ ਆਪਣੀ ਜ਼ਿੰਦਗੀ ਜਿਉਂਦਾ ਆ ਰਿਹਾ ਹੈ। ਭਾਰਤ ਵਿੱਚ ਸਦੀਆਂ ਪਹਿਲਾਂ ਮਨੁੱਖ ਜਾਤੀ ਨੂੰ ਚਾਰ ਵਰਨਾਂ ਵਿੱਚ ਵੰਡ ਕੇ ਬਹੁਤ ਸਾਰੀਆਂ ਜਾਤੀਆਂ ਵਿੱਚ ਵੰਡ ਦਿੱਤਾ ਗਿਆ ਸੀ ਉਸ ਵੇਲੇ ਸਭ ਤੋਂ ਹੇਠਾਂ ਰੱਖੇ ਗਏ ਵਰਨ ਵਿੱਚ ਆਉਂਦੇ ਲੋਕਾਂ ਅਤੇ ਔਰਤਾਂ ਦੇ ਅਧਿਕਾਰ ਖੋਹ ਲਏ ਗਏ ਸਨ ਉਨ੍ਹਾਂ ਨੂੰ ਪੜਨ, ਲਿਖਣ ,ਬੋਲਣ ਅਤੇ ਧਾਰਮਿਕ ਸਥਾਨਾਂ ਤੇ ਜਾਣ ਵਰਗੇ ਅਧਿਕਾਰਾਂ ਤੋਂ ਵਾਂਝੇ ਰੱਖਿਆ ਗਿਆ। ਉਚ ਨੀਚ ਅਤੇ ਜ਼ਾਤੀ ਦੇ ਨਾਂ ਤੇ ਮਨੁੱਖ ਜਾਤੀ ਦਾ ਸ਼ੋਸਣ ਹੁੰਦਾ ਆਇਆ ਹੈ ਬੇਸ਼ੱਕ ਆਜ਼ਾਦੀ ਤੋਂ ਬਾਅਦ ਦੇਸ਼ ਦੇ ਸੰਵਿਧਾਨ ਵਿੱਚ ਸਾਰੇ ਲੋਕਾਂ ਨੂੰ ਬਰਾਬਰ ਦੇ ਅਧਿਕਾਰ ਦਿਤੇ ਗਏ ਹਨ ਪਰ ਅਜੇ ਵੀ ਬਹੁਤ ਥਾਵਾਂ ਤੇ ਮਨੁੱਖ ਦੀ ਜ਼ਿੰਦਗੀ ਖਰੀਦ ਲਈ ਜਾਂਦੀ ਹੈ ਅਤੇ ਉਸ ਤੋਂ ਕੁਝ ਪੈਸਿਆਂ ਦੇ ਜ਼ੋਰ ਨਾਲ ਲੰਮਾ ਸਮਾਂ ਆਪਣੇ ਹਿਸਾਬ ਨਾਲ ਕੰਮ ਕਰਵਾਕੇ ਉਸ ਦੇ ਜੀਵਨ ਦੇ ਅਧਿਕਾਰ ਖੋਹ ਲਏ ਜਾਂਦੇ ਹਨ ਮਿਸਾਲ ਦੇ ਤੌਰ ਤੇ ਅੱਜ ਵੀ ਬਹੁਤ ਸਾਰੇ ਲੋਕ ਸ਼ੀਰੀਂ ਦਾ ਕੰਮ ਕਰਦੇ ਹਨ ਭਾਵ ਇੱਕ ਸਾਲ ਦੇ ਇਕੱਠੇ ਪੈਸੇ ਦੇ ਕੇ ਮਨੁੱਖੀ ਜ਼ਿੰਦਗੀ ਖ਼ਰੀਦ ਲਈ ਜਾਂਦੀ ਹੈ ਮਾਲਕ ਉਸਤੋਂ ਆਪਣੇ ਹਿਸਾਬ ਨਾਲ ਕੰਮ ਕਰਵਾਉਂਦੇ ਹਨ। ਦੇਸ਼ ਵਿੱਚ ਅਜੇ ਵੀ ਅੱਧੇ ਤੋਂ ਜਿਆਦਾ ਲੋਕਾਂ ਨੂੰ ਆਪਣੇ ਅਧਿਕਾਰਾਂ ਬਾਰੇ ਪੂਰੀ ਜਾਣਕਾਰੀ ਨਹੀਂ ਹੈ । ਅਜ਼ਾਦੀ ਤੋਂ ਬਾਅਦ ਵੀ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਨੂੰ ਦਰੜੇ ਜਾਣ ਦਾ ਰੁਝਾਨ ਘੱਟ ਨਹੀਂ ਹੋਇਆ ਸਗੋਂ ਵੱਖੋ-ਵੱਖਰੇ ਨਾਵਾਂ ਹੇਠ ਕਾਨੂੰਨ ਬਣਾ ਕੇ ਇਹਨਾਂ ਦਾ ਘਾਣ ਹੋਇਆ ਹੈ। ਮਨੁੱਖੀ ਅਧਿਕਾਰਾਂ ਦੇ ਮਾਮਲੇ ਵਿੱਚ ਭਾਰਤ ਦੇ ਰਿਕਾਰਡ ਨੂੰ ਪਹਿਲਾਂ ਵੀ ਬਹੁਤ ਵਧੀਆ ਨਹੀਂ ਸੀ ਕਿਹਾ ਗਿਆ। ਟਾਡਾ, ਪੋਟਾ, ਅਫਸਪਾ ਅਤੇ ਗ਼ੈਰਕਾਨੂੰਨੀ ਕਾਰਵਾਈਆਂ (ਰੋਕੂ) ਕਾਨੂੰਨ ਤਹਿਤ ਪੁਲੀਸ ਵੱਲੋਂ ਕੀਤੀਆਂ ਜਾ ਰਹੀਆਂ ਗ੍ਰਿਫ਼ਤਾਰੀਆਂ ਕਰਕੇ ਮਨੁੱਖੀ ਅਧਿਕਾਰਾਂ ਦੇ ਮਾਮਲੇ ਵਿੱਚ ਹਮੇਸ਼ਾ ਹੀ ਸੁਆਲ ਉੱਠਦੇ ਰਹੇ ਹਨ। ਬੇਸ਼ੱਕ ਜਿਊਣ ਦਾ ਅਧਿਕਾਰ ਕੁਦਰਤੀ ਅਧਿਕਾਰ ਹੈ ਪਰ ਜੇ ਰੋਜ਼ੀ-ਰੋਟੀ ਦਾ ਸਾਧਨ ਨਾ ਹੋਵੇ ਤਾਂ ਇਸ ਅਧਿਕਾਰ ਦੀ ਗਰੰਟੀ ਅਰਥ ਵਿਹੂਣੀ ਹੋ ਜਾਂਦੀ ਹੈ। ਹਰ ਇੱਕ ਮਨੁੱਖ ਦੇ ਖੁਸ਼ਹਾਲ ਜੀਵਨ ਲਈ ਮਨੁੱਖੀ ਅਧਿਕਾਰ ਬਹੁਤ ਜ਼ਰੂਰੀ ਹਨ। ਹਾਲਾਂਕਿ, ਅੱਜਕੱਲ੍ਹ ਇਨ੍ਹਾਂ ਅਧਿਕਾਰਾਂ ਦੀ ਬੇਅੰਤ ਉਲੰਘਣਾ ਕੀਤੀ ਜਾਂਦੀ ਹੈ ਅਤੇ ਸਾਨੂੰ ਇਸ ਮੁੱਦੇ ਨਾਲ ਨਜਿੱਠਣ ਲਈ ਇਕੱਠੇ ਹੋਣ ਦੀ ਲੋੜ ਹੈ। ਸਰਕਾਰਾਂ ਅਤੇ ਨਾਗਰਿਕਾਂ ਨੂੰ ਇੱਕ ਦੂਜੇ ਦੀ ਸੁਰੱਖਿਆ,ਬਿਹਤਰੀ ਅਤੇ ਤਰੱਕੀ ਲਈ ਯਤਨ ਕਰਨੇ ਚਾਹੀਦੇ ਹਨ। ਦੂਜੇ ਸ਼ਬਦਾਂ ਵਿੱਚ, ਇਹ ਅਧਿਕਾਰ ਪੂਰੀ ਦੁਨੀਆ ਵਿੱਚ ਮਨੁੱਖੀ ਜ਼ਿੰਦਗੀ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਉਂਦੇ ਹਨ। ਮਨੁੱਖੀ ਅਧਿਕਾਰ ਅਧਿਕਾਰਾਂ ਦਾ ਇੱਕ ਸਮੂਹ ਹੈ ਜਿਸਦਾ ਹਰ ਮਨੁੱਖ ਹੱਕਦਾਰ ਹੈ। ਹਰੇਕ ਮਨੁੱਖ ਨੂੰ ਇਹ ਅਧਿਕਾਰ ਵਿਰਾਸਤ ਵਿੱਚ ਮਿਲੇ ਹਨ ਭਾਵੇਂ ਉਹ ਕਿਸੇ ਵੀ ਜਾਤ, ਧਰਮ, ਲਿੰਗ, ਆਰਥਿਕ ਸਥਿਤੀ ਨਾਲ ਸਬੰਧਤ ਹੋਵੇ। ਇਹ ਯਕੀਨੀ ਬਣਾਉਣ ਲਈ ਮਨੁੱਖੀ ਅਧਿਕਾਰ ਬਹੁਤ ਮਹੱਤਵਪੂਰਨ ਹਨ ਕਿ ਸਾਰੇ ਮਨੁੱਖਾਂ ਨਾਲ ਬਰਾਬਰ ਦਾ ਵਿਹਾਰ ਕੀਤਾ ਜਾਵੇ। ਮਨੁੱਖੀ ਅਧਿਕਾਰ ਸੰਸਾਰ ਵਿੱਚ ਇੱਕ ਚੰਗੇ ਜੀਵਨ ਪੱਧਰ ਲਈ ਬਹੁਤ ਜ਼ਰੂਰੀ ਹਨ, ਇਸ ਤੋਂ ਇਲਾਵਾ, ਮਨੁੱਖੀ ਅਧਿਕਾਰ ਕਿਸੇ ਦੇਸ਼ ਦੇ ਨਾਗਰਿਕਾਂ ਦੇ ਹਿੱਤਾਂ ਦੀ ਰਾਖੀ ਕਰਦੇ ਹਨ। ਅਗਰ ਅਸੀਂ ਮਨੁੱਖ ਹਾਂ ਤਾਂ ਅਸੀਂ ਮਨੁੱਖੀ ਅਧਿਕਾਰਾਂ ਲਈ ਜਵਾਬਦੇਹ ਵੀ ਹਾਂ ਇਹ ਅਧਿਕਾਰ ਤੁਹਾਨੂੰ ਖੁਸ਼ਹਾਲੀ ਨਾਲ ਭਰਪੂਰ ਇੱਕ ਚੰਗਾ ਜੀਵਨ ਦੇਣ ਵਿੱਚ ਮਦਦ ਕਰਦੇ ਹਨ। ਮਨੁੱਖੀ ਅਧਿਕਾਰਾਂ ਨੂੰ ਲਾਜ਼ਮੀ ਤੌਰ 'ਤੇ ਨਾਗਰਿਕ ਅਤੇ ਰਾਜਨੀਤਿਕ ,ਸਮਾਜਿਕ ਅਧਿਕਾਰਾਂ ਦੀਆਂ ਦੋ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ। ਇਹ ਵਰਗੀਕਰਨ ਮਹੱਤਵਪੂਰਨ ਹੈ ਕਿਉਂਕਿ ਇਹ ਮਨੁੱਖੀ ਅਧਿਕਾਰਾਂ ਦੀ ਧਾਰਨਾ ਨੂੰ ਹੋਰ ਵੀ ਸਪਸ਼ਟ ਕਰਦਾ ਹੈ, ਨਾਲ ਹੀ, ਉਹ ਮਨੁੱਖਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਆਪਣੀ ਭੂਮਿਕਾ ਦਾ ਅਹਿਸਾਸ ਵੀ ਕਰਵਾਉਂਦੇ ਹਨ। ਕਿਸੇ ਦੇਸ਼ ਅਤੇ ਵਿਅਕਤੀਗਤ ਪੱਧਰ 'ਤੇ ਵਿਅਕਤੀਆਂ ਦੇ ਸਰਵਪੱਖੀ ਵਿਕਾਸ ਲਈ ਮਨੁੱਖੀ ਅਧਿਕਾਰ ਬਹੁਤ ਮਹੱਤਵਪੂਰਨ ਹਨ। ਜੇਕਰ ਅਸੀਂ ਬੁਨਿਆਦੀ ਮਨੁੱਖੀ ਅਧਿਕਾਰਾਂ 'ਤੇ ਇੱਕ ਨਜ਼ਰ ਮਾਰਦੇ ਹਾਂ, ਤਾਂ ਅਸੀਂ ਦੇਖਦੇ ਹਾਂ ਕਿ ਕਿਸੇ ਦੇ ਜੀਵਨ ਦਾ ਅਧਿਕਾਰ, ਕਿਸੇ ਵੀ ਧਰਮ ਦਾ ਪਾਲਣ ਕਰਨ ਦਾ ਅਧਿਕਾਰ, ਅੰਦੋਲਨ ਦੀ ਆਜ਼ਾਦੀ, ਅਤੇ ਹੋਰ ਬਹੁਤ ਕੁਝ ਹਨ। ਹਰੇਕ ਅਧਿਕਾਰ ਕਿਸੇ ਵੀ ਮਨੁੱਖ ਦੀ ਭਲਾਈ ਵਿੱਚ ਇੱਕ ਪ੍ਰਮੁੱਖ ਭੂਮਿਕਾ ਅਦਾ ਕਰਦਾ ਹੈ। ਜੀਵਨ ਦਾ ਅਧਿਕਾਰ ਮਨੁੱਖ ਦੇ ਜੀਵਨ ਦੀ ਰੱਖਿਆ ਕਰਦਾ ਹੈ ਇਹ ਯਕੀਨੀ ਬਣਾਉਂਦਾ ਹੈ ਕਿ ਹਰ ਇੱਕ ਨੂੰ ਆਪਣੀ ਜ਼ਿੰਦਗੀ ਜਿਊਣ ਦਾ ਪੂਰਾ ਅਧਿਕਾਰ ਹੈ ਅਤੇ ਕਿਸੇ ਨੂੰ ਕਿਸੇ ਦੀ ਜ਼ਿੰਦਗੀ ਲੈਣ ਦਾ ਕੋਈ ਅਧਿਕਾਰ ਨਹੀਂ ਹੈ ਇਸ ਤਰ੍ਹਾਂ ਇਹ ਅਧਿਕਾਰ ਹਰ ਇੱਕ ਦੇ ਮਨ ਦੀ ਸ਼ਾਂਤੀ ਦੀ ਰੱਖਿਆ ਕਰਦਾ ਹੈ। ਇਸ ਤੋਂ ਬਾਅਦ, ਵਿਚਾਰ ਅਤੇ ਧਰਮ ਦੀ ਆਜ਼ਾਦੀ ਨਾਗਰਿਕਾਂ ਨੂੰ ਕਿਸੇ ਵੀ ਧਰਮ ਦੀ ਪਾਲਣਾ ਕਰਨ ਦੀ ਇਜਾਜ਼ਤ ਦਿੰਦੀ ਹੈ ਜੋ ਉਹ ਚਾਹੁੰਦੇ ਹਨ ਇਸਦਾ ਮਤਲਬ ਇਹ ਵੀ ਹੈ ਕਿ ਕੋਈ ਵੀ ਆਜ਼ਾਦ ਤੌਰ 'ਤੇ ਸੋਚ ਸਕਦਾ ਹੈ। ਇਸ ਤੋਂ ਇਲਾਵਾ, ਅੰਦੋਲਨ ਦੀ ਆਜ਼ਾਦੀ ਲੋਕਾਂ ਦੀ ਲਾਮਬੰਦੀ ਵਿੱਚ ਸਹਾਇਕ ਹੈ। ਮਨੁੱਖੀ ਅਧਿਕਾਰ ਇਹ ਵੀ ਯਕੀਨੀ ਬਣਾਉਂਦੇ ਹਨ ਕਿ ਕਿਸੇ ਨੂੰ ਵੀ ਆਪਣੀ ਪਸੰਦ ਦੇ ਕਿਸੇ ਵੀ ਰਾਜ ਵਿੱਚ ਯਾਤਰਾ ਕਰਨ ਅਤੇ ਰਹਿਣ ਤੋਂ ਰੋਕਿਆ ਨਹੀਂ ਜਾ ਸਕਦਾ। ਇਹ ਸਾਨੂੰ ਜਿੱਥੇ ਵੀ ਚਾਹੋ ਮੌਕੇ ਹਾਸਿਲ ਕਰਨ ਦੀ ਇਜਾਜ਼ਤ ਦਿੰਦਾ ਹੈ, ਮਨੁੱਖੀ ਅਧਿਕਾਰ ਸਾਨੂੰ ਨਿਰਪੱਖ ਮੁਕੱਦਮੇ ਦਾ ਅਧਿਕਾਰ ਵੀ ਦਿੰਦੇ ਹਨ। ਹਰ ਮਨੁੱਖ ਨੂੰ ਅਦਾਲਤ ਵਿੱਚ ਜਾਣ ਦਾ ਅਧਿਕਾਰ ਹੈ ਜਿੱਥੇ ਉਹ ਨਿਰਪੱਖ ਫੈਸਲੇ ਦੀ ਆਸ ਰੱਖਦਾ ਹੈ । ਜਦੋਂ ਬਾਕੀ ਸਭ ਕੁਝ ਅਸਫਲ ਹੋ ਜਾਂਦਾ ਹੈ ਤਾਂ ਉਹ ਅਦਾਲਤ 'ਤੇ ਭਰੋਸਾ ਕਰ ਸਕਦੇ ਹਨ ਕਿ ਉਨ੍ਹਾਂ ਨੂੰ ਨਿਆਂ ਦੇਣ ਲਈ ਕੋਈ ਥਾਂ ਬਾਕੀ ਹੈ। ਬੇਸ਼ੱਕ ਦੇਸ਼ ਅਤੇ ਦੇਸ਼ ਦੇ ਤਕਰੀਬਨ ਹਰ ਸੂਬੇ ਵਿੱਚ ਮਨੁੱਖੀ ਅਧਿਕਾਰ ਕਮਿਸ਼ਨ ਬਣੇ ਹੋਏ ਹਨ ਪਰ ਸਚਾਈ ਇਹ ਹੈ ਕਿ ਅੱਜ ਵੀ ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ ਜਿਸ ਦੀ ਮਿਸਾਲ ਉਹ ਸ਼ਕਾਇਤਾਂ ਹਨ ਜੋ ਹਰ ਰੋਜ਼ ਮਨੁੱਖੀ ਅਧਿਕਾਰ ਕਮਿਸ਼ਨਾ ਕੋਲ ਆ ਰਹੀਆਂ ਹਨ। ਦੇਸ਼ ਦੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ 1993 ਤੋਂ ਲੈਕੇ ਲੱਗਭਗ ਤੀਹ ਲੱਖ ਦੇ ਕਰੀਬ ਸ਼ਿਕਾਇਤਾਂ ਪਹੁੰਚੀਆਂ ਹਨ ਅਤੇ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਕੋਲ 1997 ਤੋਂ ਲੈ ਕੇ ਲੱਗਭਗ ਪੌਣੇ ਤਿੰਨ ਲੱਖ ਸ਼ਕਾਇਤਾਂ ਪਹੁੰਚੀਆਂ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਦੇਸ਼ ਹੁਣ ਅਗਰੇਜ਼ਾਂ ਦੀ ਗੁਲਾਮੀ ਤੋਂ ਤਾਂ ਆਜ਼ਾਦ ਹੋ ਗਿਆ ਹੈ ਪਰ ਦੇਸ਼ ਦਾ ਅਤਿ ਗਰੀਬ ਵਰਗ ਜਿਨ੍ਹਾਂ ਨੂੰ ਸ਼ਾਇਦ ਆਪਣੇ ਅਧਿਕਾਰਾਂ ਦਾ ਗਿਆਨ ਵੀ ਨਹੀਂ ਹੈ ਦਾ ਸ਼ੋਸਣ ਹੋਣਾ ਅਜੇ ਪੂਰੀ ਤਰ੍ਹਾਂ ਖਤਮ ਨਹੀਂ ਹੋ ਸਕਿਆ ਅਜੇ ਵੀ ਉਨ੍ਹਾਂ ਦੇ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ ਅਜੇ ਵੀ ਇਹ ਵਰਗ ਸਮਾਨਤਾ ਦੀ ਲੜਾਈ ਲੜ ਰਿਹਾ ਹੈ। ਸਮਾਜ ਵਿੱਚ ਵਿਚਰਦੇ ਕਈ ਵਾਰੀ ਅਸੀਂ ਸੁਤੰਤਰਤਾ, ਅਤੇ ਆਪਣੇ ਅਧਿਕਾਰਾਂ ਦਾ ਦੁਰਉਪਯੋਗ ਵੀ ਕਰਦੇ ਹਾਂ ਕਈ ਵਾਰੀ ਅਸੀਂ ਆਪਣੇ ਅਧਿਕਾਰਾਂ ਅਤੇ ਹੱਕਾਂ ਦੀ ਮੰਗ ਤਾਂ ਕਰਦੇ ਪਰ ਆਪਣੇ ਕਰਤੱਵ ਭੁੱਲ ਜਾਂਦੇ ਹਾਂ। ਉਦਾਹਰਨ ਦੇ ਤੌਰ ਤੇ ਅਸੀਂ ਸੜਕਾਂ ਤੇ ਨਜਾਇਜ਼ ਕਬਜ਼ੇ ਕਰਕੇ, ਸੜਕਾਂ ਜ਼ਾਮ ਕਰਕੇ ਸੜਕਾਂ ਤੇ ਵਾਹਨ ਖੜੇ ਕਰਕੇ, ਗੰਦਗੀ ਖਿਲਾਰ ਕੇ, ਕਿਤੇ ਨਾ ਕਿਤੇ ਦੂਜੇ ਲੋਕਾਂ ਦੇ ਅਧਿਕਾਰਾ ਅਤੇ ਸੁਤੰਤਰਤਾ ਨੂੰ ਨਜ਼ਰਅੰਦਾਜ਼ ਕਰ ਰਹੇ ਹੁੰਦੇ ਹਾਂ। ਇੱਕ ਚੰਗੇ ਖ਼ੁਸ਼ਹਾਲ ਸਮਾਜ ,ਦੇਸ਼ ਅਤੇ ਜੀਵਨ ਲਈ ਅਧਿਕਾਰਾ ਦੇ ਨਾਲ ਨਾਲ ਕਰਤੱਵਾਂ ਦਾ ਪਾਲਣ ਕਰਨਾ ਵੀ ਜ਼ਰੂਰੀ ਹੋ ਜਾਂਦਾ ਹੈ।



**ਕੁਲਦੀਪ ਸਿੰਘ ਸਾਹਿਲ**
**9417990040**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**